ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ

ੴ ਸਤਿ ਗੁਰਪ੍ਰਸਾਦਿ ॥

ਗੁਰ ਕੀ ਮਤਿ ਤੂੰ ਲੇਹਿ ਇਆਨੇ

ਜਿਨ ਸਚੁ ਜਾਤਾ ਸੇ ਸਚਿ ਸਮਾਣੇ

ਪੂਰੇ ਗੁਰ ਕੀ ਪੂਰੀ ਦੀਖਿਆ ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥

ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥
ਗੁਰੂ ਬਿਨਾ ਮੈ ਨਾਹੀ ਹੋਰ ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥
ਜਾ ਕੀ ਕੋਇ ਨ ਮੇਟੈ ਦਾਤਿ ॥

ਕਿਸ਼ਨ ਸਿੰਘ

ਏਸੇ ਕਲਮ ਤੋਂ :

- ਸਾਚਾ ਸਤਿਗੁਰੂ ਮੈ ਮਿਲਿਆ
- ਕੱਚ ਦੇ ਰਿਸ਼ਤੇ
- ਸਿੱਖੀ ਸਿਧਾਂਤ ਸਮੀਖਿਆ (੨੦੦੬, ੨੦੧੪)
- ਮੇਰਾ ਪਿੰਡ ਮੇਰਾ ਮਾਣ
- ਖੋਜੁ ਦਿਲ ਹਰ ਰੋਜ
- ਸੰਖੇਪ ਇਤਿਹਾਸ ਗੁਰਦੁਆਰਾ ਕਰੇਗੀਬਰਨ (ਮੈਲਬੌਰਨ)

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ

ੴ ਸਤਿ ਗੁਰਪ੍ਰਸਾਦਿ ॥

ਗੁਰ ਕੀ ਮਤਿ ਤੂੰ ਲੇਹਿ ਇਆਣੇ

ਜਿਨ ਸਚੁ ਜਾਤਾ ਸੇ ਸਚਿ ਸਮਾਣੇ

ਪੂਰੇ ਗੁਰ ਕੀ ਪੂਰੀ ਦੀਖਿਆ ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥

ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥
ਗੁਰੂ ਬਿਨਾ ਮੈ ਨਾਹੀ ਹੋਰ ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥
ਜਾ ਕੀ ਕੋਇ ਨ ਮੇਟੈ ਦਾਤਿ ॥

ਕਿਸ਼ਨ ਸਿੰਘ

ਫ਼ਰਵਰੀ
2015

GUR KI MAT TON LEH IAANE

by

KISHAN SINGH

65 CARBINE WAY, KEILOR DOWNS
VICTORIA 3038, AUSTRALIA
PHONE 61-3-93665506

November to February, Punjab (INDIA)
(Mob.) 098763-65602
March to October Australia
(Mob.) +61 423 531 924

ਪਹਿਲੀ ਵਾਰ ਫ਼ਰਵਰੀ 2015

ਸਿੱਖ ਧਰਮ ਦੇ ਸਿਧਾਂਤਕ ਪ੍ਰਚਾਰ ਲਈ
ਕੀਮਤ ਰਹਿਤ।
ਇਸ ਨੂੰ ਪੜ੍ਹਨਾ ਅਤੇ ਵਿਚਾਰਨਾ ਹੀ
ਇਸ ਦੀ ਸਹੀ ਕੀਮਤ ਹੈ।

ਪ੍ਰਕਾਸ਼ਕ :

ਲੇਖਕ

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੩੫੦॥

ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ ॥੪੨੦॥

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੬੭/੧੦॥

ਸਮਰਪਣ

ਉਨ੍ਹਾਂ ਗੁਰੂ-ਪਿਆਰ ਵਿੱਚ ਭਿੱਜੀਆਂ ਰੂਹਾਂ,

ਜਿਨ੍ਹਾਂ ਗੁਰੂ ਬਾਨੀ ਨੂੰ ਪੜ੍ਹਿਆ, ਵਿਚਾਰਿਆ, ਸਤਿਕਾਰਿਆ

ਅਤੇ

ਸ੍ਵੈ-ਜੀਵਨ ਵਿੱਚ ਉਤਾਰਿਆ।

ਜਿਨ੍ਹਾਂ ਸੂਰਬੀਰ ਯੋਧਿਆਂ ਦੇ ਉੱਚੇ ਅਤੇ ਸੁੱਚੇ ਕਿਰਦਾਰ

ਦੇ ਸੋਹਲੇ, ਸਮੂਹ ਸੰਸਾਰ ਅਤੇ ਵਿਰੋਧੀਆਂ ਨੇ ਭੀ ਗਾਏ,

ਤਿਨ੍ਹਾਂ ਦੀਆਂ ਸਤਿਕਾਰਤ ਅਤੇ ਮਿੱਠੀਆਂ

ਯਾਦਾਂ ਨੂੰ!

ਪੁਸਤਕ ਮਿਲਣ ਦੇ ਪਤੇ :

- **SINGH BROTHERS**
  BAZAR MAI SEWAN, AMRITSAR
  PUNJAB, INDIA - 143 006
  PHONE 0183 - 2545787
- **JASWINDER SINGH PANGLI**
  V.P.O. JAGAT PUR JATTAN
  TEHSIL - PHAGWARA
  DISTRICT - KAPURTHALA,
  PUNJAB, INDIA - 144 402
  PHONE 01824 - 254131
  MOBILE +91 98140 56173
- **SURJIT SINGH PANGLY**
  65 CARBINE WAY KEILOR DOWNS
  VICTORIA 3038, AUSTRALIA
  PHONE 61 - 3 - 93665506
  MOBILE 61 - 0425-843505
- **GURMIT SINGH**
  9 HAMLIN ST, QUAKERS HILL
  NEW SAUTH WALES, 2763. AUSTRALIA
  PHONE 61 - 2 - 98372787
- **MAKHAN SINGH and DALJIT SINGH**
  98 ROCHESTER ROAD,
  GRAVE SEND KENT
  ENGLAND
  PHONE 44 - 1474 - 359825
- **JASVIR SINGH**
  3321 KINGS WAY, VANCOVER
  BC - V5R 5K6 - CANADA
  PHONE 1 - 604 - 720 - 8278
- **SUKHDEV SINGH MASTER**
  VILLAGE DEWANGARH, P.O. CHAKROHI,
  TEHSIL R.S. PURA, DISTT. JAMMU
  MOBILE +91 94191 88120
- **GURMEET SINGH**
  V.P.O. AMARJEET PURA,
  DISTT. SIRSA, HARYANA - 125 055
  MOBILE +91 94163 05221

ਪੂਰੇ ਗੁਰ ਕਾ ਹੁਕਮੁ ਨ ਮੰਨੈ
ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ
ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥
ਓਹੁ ਗਲ ਫਰੋਸੀ ਕਰੇ ਬਹੁਤੇਰੀ
ਓਸ ਦਾ ਬੋਲਿਆ ਕਿਸੈ ਨ ਭਾਇਆ ॥
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ
ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥
ਗੁਰਮੁਖਿ ਹੋਇ ਸੁ ਅਲਿਪਤੋ ਵਰਤੈ
ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ ॥
ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ
ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥
ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ
ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥
ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ
ਮਨਮੁਖਾ ਓਹ ਵੇਲਾ ਹਥਿ ਨ ਆਇਆ ॥੩੦੩-੪॥

ਪੂਰਾ ਗੁਰੁ ਪੂਰੀ ਮਤਿ
ਜਾ ਕੀ ਪੂਰਨ ਪ੍ਰਭ ਕੇ ਕਾਮਾ ॥
ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ
ਜਪਿ ਨਾਨਕ ਹਰਿ ਹਰਿ ਨਾਮਾ ॥੬੩੦/੧੩॥

ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥੧॥ਰਹਾਉ॥...
ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥੧੧੫੯-੬੦॥

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥੬੪੬/੮॥

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥੩੦੮/੫॥

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ ॥੩੦੪/੧੯॥

ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ ॥
ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ ॥੮੯/੧੫॥

ਸਚਿਆਰ ਸਿਖ ਬਹਿ ਸਤਿਗੁਰ ਪਾਸਿ
ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥
ਜਿਨਾ ਸਤਿਗੁਰ ਕਾ ਆਖਿਆ ਸੁਖਾਵੈ
ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ ॥੩੦੫/੧॥

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੯੮੨/੧੦॥

ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥
ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥
ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥੫੦/੨॥

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੪੮੮/੮॥

ਦੇਵੀ ਦੇਵਾ ਮੂਲੁ ਹੈ ਮਾਇਆ ॥
ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥੧੨੯/੮॥

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬੩੭/੫॥

ਦੇਵੀ ਦੇਵਾ ਪੂਜਹਿ ਡੋਲਹਿ
ਪਾਰਬ੍ਰਹਮੁ ਨਹੀ ਜਾਨਾ ॥
ਕਹਤ ਕਬੀਰ ਅਕੁਲੁ ਨਹੀ ਚੇਤਿਆ
ਬਿਖਿਆ ਸਿਉ ਲਪਟਾਨਾ ॥੩੩੨/੧੪॥

ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੮੯੪/੪॥

ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥੮੯੪/੬॥

ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥੮੭੪/੧੪॥

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ
ਤ੍ਰਿਗੁਣਿ ਭਰਮਿ ਭੁਲਾਈ ॥੯੦੯/੧੬॥

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ
ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ
ਹਰਿ ਗੁਰਮੁਖਿ ਸੋਝੀ ਪਾਈ ॥੭੩੫/੧੮॥

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ

ਸਿੱਖ ਹੋਣ ਕਹਾਉਣ ਵਿੱਚ ਬਹੁਤ ਅੰਤਰ,
ਨਹੀਂ ਸਰਦਾਰ ਦੀ ਸਿੱਖੀ ਕਿਰਦਾਰ ਦੀ ਹੈ।
ਫੋਕੇ ਭੇਖ ਦਿਖਾਵੀਂ ਪ੍ਰਭ ਰੀਝਦਾ ਨਹੀਂ,
ਨਿਰਛਲ ਜੀਵਨੀ ਕੌਮੀ ਹਿਤਕਾਰ ਦੀ ਹੈ।
ਤੋਤਾ ਰਟਨ ਨਹੀਂ ਗੁਰਮਤਿ ਪਰਵਾਨ ਕਰਦੀ,
ਸਿੱਖੀ ਸਿੱਖਿਆ ਗੁਰ ਵੀਚਾਰਿ ਦੀ ਹੈ।
ਜੋ ਗੁਰ ਸਿੱਖਿਆ ਕਿਸ਼ਨ ਅਪਨਾਈ ਜਾਵੇ,
ਉਹੀ ਸਿੱਖੀ ਗੁਰਬਾਣੀ ਸਤਿਕਾਰ ਦੀ ਹੈ।

ਇੱਕ ਦਾ ਪੂਜਾਰੀ ਫਿਰੇ ਲੱਭਦਾ ਅਨੇਕਾਂ ਵਿੱਚੋਂ,
ਸਿੱਖੀ ਮਾਣ ਸਿਰ ਅੱਜ ਥਾਂ ਥਾਂ ਦੇਖੋ ਝੁਕਦਾ।
ਬਾਬਿਆਂ ਨੂੰ ਪੂਜਦੇ ਬਹੁ ਪੂਜਦੇ ਬਹੁ ਮੜ੍ਹੀਆਂ ਨੂੰ,
ਬੁਰਾ ਹਾਲ ਗੁਰੂ ਨਾਲੋਂ ਟੁੱਟੇ ਮਨਮੁਖ ਦਾ।
ਰੁੱਖਾਂ ਇੱਟਾਂ ਪੱਥਰਾਂ ਤੋਂ ਮੰਗਦਾ ਮਨੌਤਾਂ ਸੁੱਖ,
ਰਿਹਾ ਨਹੀਂ ਈਮਾਨ ਇਹਦੀ ਲਲਚਾਈ ਭੁੱਖ ਦਾ।
ਮ੍ਰਿਗ ਤ੍ਰਿਸ਼ਨਾਲੂ ਮਨ ਭ੍ਰਮ ਪਿੱਛੇ ਦੌੜਾ ਫਿਰੇ,
ਕਿੰਨਾ ਸਮਝਾਓ ਇਹਨੂੰ ਰੋਕਿਆਂ ਨਹੀਂ ਰੁਕਦਾ।
ਨਿਹਚਾ ਹੀਨ ਮਨ ਕਿਹੜੀ ਜੁਗਤ ਟਿਕਾਇਆਂ ਟਿਕੇ,
ਲੱਭੇ ਕਿਵੇਂ ਦਾਰੂ ਇਸ ਮਾਨਸਿਕ ਦੁੱਖ ਦਾ।
ਗੁਰੂਬਾਣੀ ਪੜ੍ਹੋ ਤੇ ਵਿਚਾਰੋ ਲੱਭੋ ਗਿਆਨ ਸੱਚਾ,
ਗਿਆਨ ਹੀ ਉੱਧਾਰ ਕਰੂ ਅੱਜ ਦੇ ਮਨੁੱਖ ਦਾ।

ਲਿਖਤਾਂ 'ਚ, ਪੜ੍ਹਿਆ ਜੋ, ਕੰਨਾਂ ਨਾਲ ਸੁਣਿਆਂ ਭੀ,
ਕਿਰਦਾਰ ਏ ਸਿੱਖੀ ਅੱਜ ਲੱਭਿਆਂ ਨਹੀਂ ਲੱਭਦਾ।
ਗੁਰਮੁਖ ਸੋਚ ਦੇ ਵਿਰੋਧੀ ਡੇਰੇ ਥਾਂ ਥਾਂ ਬਣੇ,
ਸਿੱਖੀ ਦਿੱਖ ਵਿੱਚ ਫਿਰੇ ਬਿੱਪ੍ਰ ਹੀ ਗੱਜਦਾ।

ਝੂਠਾ ਤੇ ਪਾਖੰਡੀ ਮਨਮੁਖ ਹਾਵੀ ਸਿੱਖੀ ਉੱਤੇ,
ਸੁੱਚੀ ਸਿੱਖੀ ਸੋਚ ਨੂੰ ਜੋ ਡੂੰਘੇ ਟੋਈਂ ਦੱਬਦਾ।
ਗੁਰਸਿੱਖ ਹੱਸ ਕੁਰਬਾਨ ਹੋਵੇ ਸਿੱਖੀ ਉੱਤੋਂ,
ਭੇਖੀ ਆਗੂ ਖ਼ੂਨ ਪੀ ਪੀ ਕੌਮ ਦਾ ਨਹੀਂ ਰੱਜਦਾ।

ਬਾਬਾਵਾਦ ਨੇ ਗੁਰਮਤਿ ਗੰਧਲਾਈ ਐਸੀ,
ਬਿੱਪ੍ਰਵਾਦ ਨੂੰ ਸਿੱਖ ਮਾਤ ਪਾਈ ਜਾਂਦੇ।
ਗ੍ਰਿਸਤੋਂ ਭੱਜਿਆਂ ਨੂੰ ਨਾਨਕ ਸਤਿਕਾਰਿਆ ਨਹੀਂ,
ਅੱਜ ਜੋ ਸਿੱਖੀ ਦੇ ਆਗੂ ਅਖਵਾਈ ਜਾਂਦੇ।
ਮੁੱਢਲੇ ਸਿੱਖੀ ਸਿਧਾਂਤ ਉਂਝ ਜਾਣਦੇ ਨਹੀਂ,
ਗਿਆਨੀ ਖ਼ਾਲਸੇ ਲਿਖਦੇ ਸਦਵਾਈ ਜਾਂਦੇ।
ਗਿਆਨ ਗੁਰੂ ਦੇ ਸਿੱਖ ਕਹਾਉਣ ਵਾਲੇ,
ਮੂੜਤਾਈ ਦੇ ਝੰਡੇ ਝੁਲਾਈ ਜਾਂਦੇ।
ਇੱਕ ਓਅੰਕਾਰ ਤੇ ਸ਼ਬਦ ਗੁਰੂ ਭੁੱਲ ਕੇ ਸਿੱਖ,
ਸੋਹਲੇ ਬਿੱਪ੍ਰੀ ਲਿਖਤਾਂ ਦੇ ਗਾਈ ਜਾਂਦੇ।
ਸਾਬਤ ਸੂਰਤ ਕਿਰਦਾਰ ਵੀਚਾਰ ਗੁਰਮਤਿ,
ਕਿਸ਼ਨ ਛੁੱਪਦੇ ਨਹੀਂ ਸਿੱਖੀ ਰੁਸ਼ਨਾਈ ਜਾਂਦੇ।

ਨਾ ਹੀ ਲਿਖਣ ਤੇ ਗਾਉਣ ਦਾ ਸ਼ੌਕ ਕੋਈ,
ਨਾ ਹੀ ਤੁੱਕ ਨਾਲ ਤੁੱਕ ਰਲਾਈ ਦੀ ਏ।
ਖੋਜ ਕਰੀਦੀ ਜਿਸਦਾ ਕੋਈ ਲਾਭ ਹੋਵੇ,
ਨਾ ਮਧਾਣੀ ਵਿੱਚ ਪਾਣੀ ਦੇ ਪਾਈ ਦੀ ਏ।
ਸਿੱਖ ਵਿਦਵਾਨਾਂ ਨੂੰ ਪੜ੍ਹਕੇ ਵੀਚਾਰ ਕਰਕੇ,
ਸਹੀ ਗੱਲ ਵਿੱਚ ਲਿਖਤ ਲਿਆਈ ਦੀ ਏ।
ਹੋਵੇ ਸਿੱਖੀ ਮਰਯਾਦਾ ਅਨੁਸਾਰ ਭਾਵੇਂ,
ਫਿਰ ਭੀ ਬਾਣੀ ਕਸਵੱਟੀ 'ਤੇ ਲਾਈ ਦੀ ਏ।
ਜਿਹੜੀ ਗੁਰਮਤਿ ਦੀ ਤੱਕੜੀ ਤੁਲ੍ਹੇ ਪੂਰੀ,
ਉਹ ਵਿਚਾਰ ਵਿੱਚ ਸੰਗਤ ਸੁਣਾਈ ਦੀ ਏ।
ਸ਼ਬਦ ਗੁਰੂ ਸਦੀਵੀ ਸਿੱਖ ਕੌਮ ਦਾ ਹੈ,
ਪਹਿਲੀ ਸੋਚ ਹੀ ਇਹੋ ਬਣਾਈ ਦੀ ਏ।

ਇੱਕ ਓਅੰਕਾਰ ਗੁਰ-ਸ਼ਬਦ ਨੂੰ ਭੁੱਲ ਬੈਠੇ,
ਸੰਸਥਾਵੀ ਸਿੱਖ ਸਾਰੇ-ਈ ਅਖਵਾਈ ਜਾਂਦੇ।
ਕਰਤਾ ਛੱਡ ਕਰਦੇ ਸਿੱਖ ਕ੍ਰਿਤ ਪੂਜਾ,
ਜੈ ਤੇਗੰ ਦੀ ਜੋਸ਼ ਵਿੱਚ ਗਾਈ ਜਾਂਦੇ।

ਧਰਮ ਬਾਨੀ ਨੂੰ ਪਿੱਛੋਂ ਹਨ ਯਾਦ ਕਰਦੇ,
ਪਹਿਲੋਂ ਸਿੱਖ ਭਗਉਤੀ ਧਿਆਈ ਜਾਂਦੇ।
ਗਿਆਨ ਗੁਰੂ ਦੇ ਸਿੱਖ ਕਹਾਉਣ ਵਾਲੇ,
ਬਿੱਪਰੀ ਸੋਚ ਦੇ ਝੰਡੇ ਝੁਲਾਈ ਜਾਂਦੇ।

ਸਿੱਖ ਕੌਮ ਨੂੰ ਸਿੱਖ ਸਤਿਗੁਰਾਂ,
ਲੜ ਲਾਇਆ ਗੁਰੂ ਗ੍ਰੰਥ ਦੇ।
ਕਿਸ ਕੀਤਾ ਪੈਦਾ ਕਿੰਝ ਹੋਇਆ,
ਬਚਿੱਤ੍ਰ ਨਾਟਕ ਵਿੱਚ ਸਿੱਖ ਪੰਥ ਦੇ।
ਤੋਲੇ ਦੇਵ-ਪੁਰਾਣਾਂ ਨਾਲ ਗੁਰੂਬਾਣੀ,
ਉਸਨੂੰ ਸਿੱਖ ਅਖਵਾਉਣ ਦਾ ਹੱਕ ਕੀ ਏ।
ਸਿੱਖ ਪਹਿਰਾਵੇ ਦਾ ਬਿੱਪ੍ਰ ਨੇ ਲਿਆ ਫ਼ਾਇਦਾ,
ਇਸ ਸੱਚ ਦੇ ਵਿੱਚ ਕੋਈ ਸ਼ੱਕ ਕੀ ਏ।
ਆਪਣੀ ਕੌਮ ਲਈ ਚਾਹੋਂ ਜੇ ਕੁੱਝ ਕਰਨਾ,
ਗੁਰ-ਸ਼ਬਦ ਵਿਚਾਰ ਦੀ ਗੱਲ ਕਰੀਏ।
ਕੌਮ ਦਰਦੀਓ ਨਿਘਰਦੀ ਕੌਮ ਜਾਂਦੀ,
ਸੋਚ ਸਮਝ ਵਿਚਾਰ ਕੋਈ ਹੱਲ ਕਰੀਏ।
ਗੁਰੂਬਾਣੀ ਗਿਆਨ ਤੇ ਮਾਣ ਮੈਨੂੰ,
ਪੈਰੋਕਾਰ ਗੁਰੂ ਨਾਨਕ ਸਿੱਖ ਧਰਮ ਦਾ ਹਾਂ।
ਅਸਲ ਸਿੱਖੀ ਤੇ ਸਿੱਖੀ ਸਿਧਾਂਤ ਕੀ ਹੈ,
ਹੋਕਾ ਦੇਣਾ ਫ਼ਰਜ਼ ਆਪਣਾ ਸਮਝਦਾ ਹਾਂ।

ਥੋੜੀ ਜਾਣ ਪਹਿਚਾਣ

ਸ੍ਰੀ ਦਸਮ ਗ੍ਰੰਥ ਬਾਰੇ, ਨਾਮ ਵਾਲਾ ਇੱਕ ਸੋਲ੍ਹਾਂ (੧੬) ਪੰਨੇ ਦਾ ਕਿਤਾਬਚਾ ਮਿਲਿਆ। ਧਿਆਨ ਨਾਲ ਪੜ੍ਹਿਆ, ਤਦ ਜ਼ਿਹਨ ਵਿੱਚ ਇਹ ਸਵਾਲ ਬਣ ਗਿਆ ਕਿ, ਮੂਲ ਲਿਖਤ ਬਚਿੱਤ੍ਰ ਨਾਟਕ ਤੋਂ ਬਣਾਏ ਗਏ ਅਖੌਤੀ ਦਸਮ ਗ੍ਰੰਥ ਦਾ, ਮੂਲ ਮਕਸਦ, ਵਿਵਾਦ ਜਾਂ ਮੁੱਦਾ ਆਖ਼ਰ ਹੈ ਕੀ ? ਗੁਰੂ ਨਾਨਕ ਜੀ ਦੀ ਗਿਆਨਮਈ ਵਿਚਾਰਧਾਰਾ ਨੂੰ, ਬਿੱਪ੍ਰਵਾਦੀ (ਵੈਦਿਕ, ਗਿਆਨ-ਹੀਣੰ ਕਰਮਕਾਂਡੀ) ਸੋਚ ਜਾਂ ਵਿਚਾਰਧਾਰਾ ਸਹਿਨ ਨਾ ਕਰ ਸਕੀ ਅਤੇ ਗੁਰੂ ਨਾਨਕ ਦੇ ਨਿਰਮਲ ਪੰਥ ਨੂੰ ਬਿੱਪ੍ਰਵਾਦ ਦਾ ਹੀ ਇੱਕ ਅੰਗ ਜਾਂ ਸਮਾਜ ਬਨਾਉਣ ਲਈ, ਇਸ ਗੁਰਮਤਿ ਵਿਰੋਧੀ ਲਾਬੀ ਵਲੋਂ ਮੱਕਾਰ ਨੀਤੀ (ਸਾਮ, ਦਾਮ, ਦੰਡ ਭੇਦ) ਤਹਿਤ, ਆਪਣੀ ਬਿੱਪ੍ਰਵਾਦੀ ਵਿਚਾਰਧਾਰਾ ਵਿੱਚ ਪਰਬੀਨ ਸਰੀਰਾਂ ਨੂੰ, ਗੁਰੂਬਾਣੀ ਅਤੇ ਗੁਰੂਬਾਣੀ ਵਿੱਚ ਦਿੱਤੀਆਂ ਅਨਮੱਤੀ ਉਦਾਹਰਨਾਂ ਦੀ ਪੂਰਨ ਸਿੱਖਿਆ ਦੇ ਕੇ ਅਤੇ ਸਿੱਖੀ ਪਹਿਰਾਵੇ (ਸਾਬਤ ਸੂਰਤ ਦਿੱਖ) ਵਿੱਚ ਸ਼ਿੰਗਾਰ ਕੇ, ਸਿੱਖ ਕੌਮ ਦੇ ਧਾਰਮਿਕ ਆਗੂ (ਗੁਰ-ਸਥਾਨਾਂ ਉੱਤੇ ਕਾਬਜ਼ ਪੁਜਾਰੀ ਸ਼੍ਰੇਣੀ ਅਤੇ ਨਿੱਜੀ ਡੇਰਾਵਾਦੀ ਸੰਪ੍ਰਦਾਵਾਂ ਦੇ ਮਾਲਕਾਂ ਨੂੰ, ਭੇਖੀ ਤੇ ਸ਼ੁਹਰਤੀ ਸੰਤ, ਮਹਾਂਪੁਰਖ, ਬ੍ਰਹਮ-ਗਿਆਨੀ ਆਦਿ) ਬਣਾ ਦਿੱਤਾ ਗਿਆ। ਅੰਦਰੂਨੀ ਸੋਚ ਬਿੱਪ੍ਰਵਾਦੀ ਅਤੇ ਬਾਹਰੀ, ਧੋਖਾ ਦੇਊ ਲਿਬਾਸ ਨੂੰ, ਗੁਰਸਿੱਖ ਤੋਂ ਵੀ ਉੱਪਰ, ਗੁਰੂ ਦੇ ਵਜ਼ੀਰ, ਵਿੱਦਿਆ ਮਾਰਤੰਡ, ਪੰਥ ਰਤਨ, ਮਹਾਂਪੁਰਖ, ਬ੍ਰਹਮਗਿਆਨੀ ਆਦਿ ਖ਼ਿਤਾਬ ਦਿੱਤੇ ਗਏ। ਜਦ ਸਿੱਖਿਆ ਦੇਣ ਵਾਲੇ ਹੀ, **ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥੪੭੩॥** ਵਾਲਾ ਫ਼ਰਜ਼ ਨਿਭਾਉਣ ਵਾਲੇ ਹੋਣ ਫਿਰ ਉਨ੍ਹਾਂ ਦੇ ਪੜ੍ਹਾਏ, ਸਿਖਾਏ ਰਟਨਈ ਸਿੱਖਿਆਰਥੀਆਂ (ਗੋਲੇ ਤੋਤਿਆਂ) ਤੋਂ ਕੀ ਉਮੀਦ ਰੱਖੀ ਜਾ ਸਕਦੀ ਹੈ ? ਇਹੀ ਲੋਕ, ਬਿੱਪ੍ਰਵਾਦੀ ਲਿਖਤਾਂ ਨੂੰ ਸਿੱਖ ਕੌਮ ਦੇ ਸਿਰ ਮੜ੍ਹਨ ਲਈ ਬਜ਼ਿੱਦ ਹਨ। ਗੁਰਮਤਿ ਵਿਰੋਧੀ ਲਾਬੀ ਦਾ ਅਸਲ ਮੁੱਦਾ ਹੀ, ਗੁਰਮਤਿ ਨੂੰ ਧੁੰਧਲਾਉਣਾ ਹੈ। ਜਿਸ ਨੂੰ ਮੁੱਖ ਰੱਖ ਕੇ, ਕਈ ਊਲ ਜਲੂਲ ਲਿਖਤਾਂ (ਬਾਬਾ ਨਾਨਕ ਜੀ ਦੇ ਪੁੱਤਰ ਬਿੰਦੀ ਪੁੱਤਰ ਨਹੀਂ ਲੌਂਗਾਂ ਦੀ ਪੈਦਾਇਸ਼ ਸਨ (ਪੰਥ ਪ੍ਰਕਾਸ਼, ਗਿਆਨ ਸਿੰਘ)। ਛੇਵੇਂ ਪਾਤਿਸ਼ਾਹ ਵਿਸ਼ਨੂੰ ਅਵਤਾਰ ਸਨ (ਗੁਰਬਿਲਾਸ ਪਾਤਿਸ਼ਾਹੀ ਛੇਵੀਂ)। ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੇ ਤੀਰਥ ਇਸ਼ਨਾਨ ਤੇ ਪੁੰਨ ਦਾਨ ਦੇ ਫਲ ਕਾਰਨ, ਇੱਕ ਮਹਾਂਕਾਲ ਕਾਲਕਾ ਦੇ ਅਰਾਧਕ ਤਪੱਸਵੀ ਨੇ ਇਨ੍ਹਾਂ ਦੇ ਘਰ ਜਨਮ ਲਿਆ (ਬਚਿੱਤ੍ਰ ਨਾਟਕ) ਅਤੇ ਅਨੇਕ ਦੇਵਤਾਈ ਪੁਰਾਣਾਂ ਦੀਆਂ ਗਾਥਾਵਾਂ) ਸਿੱਖ ਕੌਮ ਸਿਰ ਮੜ੍ਹੀਆਂ ਜਾ ਰਹੀਆਂ ਹਨ। ਅਤੇ ਇਹ ਸਭ ਕਰਨ ਵਾਲੇ (ਗੁਰੂਬਾਣੀ, ਗਿਆਨਮਈ ਵਿਚਾਰਧਾਰਾ ਦੇ ਵਿਰੋਧੀ) ਸਰੀਰ, ਸਿੱਖੀ ਪਹਿਰਾਵੇ ਦਾ ਢੌਂਗ ਰਚਾ ਕੇ, ਸਿੱਖ ਕੌਮ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਗੂ ਬਣੇ ਹੋਏ ਹਨ। ਇਸੇ ਤਿਕੜੀ (ਧਾਰਮਿਕ, ਸਮਾਜਿਕ ਤੇ ਰਾਜਨੀਤਕ ਆਗੂਆਂ) ਦੀ

ਮਿਲੀ-ਭੁਗਤ ਨੇ, ਹਰ ਹੀਲਾ (ਸਾਮ ਦਾਮ ਦੰਡ ਭੇਦ, ਲਾਲਚ ਚਤੁਰਾਈ, ਮੱਕਾਰੀ ਤੇ ਤਾਕਤੀ ਡਰਾਵਾ) ਵਰਤ ਕੇ, ਸਿੱਖ ਕੌਮ ਨੂੰ ਗੁਮਰਾਹ ਕਰਦਿਆਂ ਆਪਣੇ ਨਾਲ ਜੋੜਿਆ ਹੋਇਆ ਹੈ ਅਤੇ ਘੱਟ-ਗਿਣਤੀ ਵਾਲੇ ਕੌਮ ਦਰਦੀਆਂ ਦੀ ਕੋਈ ਪੇਸ਼ ਹੀ ਨਹੀਂ ਜਾਂਦੀ।

ਪੂਰਨ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ, **ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥...ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੧੧੫੮-੫੯॥** ਨੂੰ ਪੜ੍ਹ, ਵਿਚਾਰ, ਸਮਝਣ ਵਾਲੇ ਗੁਰਸਿੱਖ ਸੁਹਿਰਦ ਵਿਦਵਾਨਾਂ ਦਾ ਵਿਚਾਰ ਹੈ ਕਿ, ਗੁਰੂ ਨਾਨਕ ਜੀ ਨੇ, ਭਾਰਤੀ ਸੰਸਕ੍ਰਿਤੀ ਦੀ ਜਰਜਰੀ ਹੋ ਚੁੱਕੀ ਇਮਾਰਤ ਦੇ ਖੰਡਰਾਤ ਨੂੰ ਮੁਰੰਮਤ ਕਰਨ ਜਾਂ ਸੰਵਾਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਨੇ ਤਾਂ ਇਸ ਉਜੜੇ ਥੇਹ ਨੂੰ ਪੱਧਰਾ (ਪੰਡਤ ਮੁਲਾਂ ਦੀਆਂ ਸਮੂਹ ਲਿਖਤਾਂ, ਲਿਖਤਾਂ ਦੀ ਵਿਚਾਰਧਾਰਾ ਅਤੇ ਕਰਮਕਾਂਡੀ ਰਹੁ-ਰੀਤਾਂ ਦਾ ਪੂਰਨ ਤਿਆਗ) ਕਰਕੇ ਸਮੂਹ ਸੰਸਾਰ ਤੋਂ ਨਿਆਰੇ, ਸਚਿਆਰ ਸਭਿਆਚਾਰ ਵਾਲੇ ਸਿੱਖ ਸਮਾਜ ਦੀ ਸਿਰਜਣਾ (ਨਾਨਕ ਨਿਰਮਲ ਪੰਥ ਚਲਾਇਆ) ਅਰੰਭ ਕੀਤੀ ਸੀ ਅਤੇ ਦੋ ਸੌ ਉਨਤਾਲੀ (੨੩੯) ਸਾਲਾਂ ਦੇ ਸਮੇਂ ਵਿੱਚ, ਦਸ ਸਰੀਰਕ ਜਾਮਿਆਂ ਰਾਹੀਂ, ਸਿੱਖਾਂ ਨੂੰ ਇੱਕ ਸੰਪੂਰਨ ਕੌਮ ਬਣਾ ਕੇ, ਪੂਰਨ ਗੁਰੂ (**ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥੬੩੦॥**) ਦੇ ਲੜ ਲਾ ਦਿੱਤਾ। ਸੁਹਿਰਦ ਸਿੱਖ ਦੇ ਜੀਵਨ ਦਾ ਮੂਲ ਹੀ ਗੁਰਬਾਣੀ (**ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੭੫੯॥**) ਹੈ ਅਤੇ ਪੂਰਨ ਗੁਰੂਬਾਣੀ ਨੇ, ਪੰਡਤ ਮੁੱਲਾਂ ਦੀ ਲਿਖਤ (ਬੇਦ, ਪੁਰਾਣ, ਕਤੇਬ, ਹਿੰਦੂ ਅੰਨ੍ਹਾ ਤੁਰਕੂ ਕਾਣਾ ਜਿਹੀ) ਵਿਚਾਰਧਾਰਾ ਉੱਤੇ ਗਿਆਨ ਦਾ ਸੁਹਾਗਾ ਫੇਰ ਕੇ ਹੀ, ੧ਓ ਵਾਦੀ, ਨਿਰਮਲ ਪੰਥ ਦੀ ਨੀਂਹ ਰੱਖੀ ਸੀ। ਦਸਮ ਪਾਤਿਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਤਕਰੀਬਨ ਅੱਸੀ (੮੦) ਕੁ ਸਾਲ ਬਾਅਦ, ਉਸੀ ਦੱਬੇ ਹੋਏ ਤੇ ਪੱਧਰੇ ਕੀਤੇ ਥੇਹ ਵਿੱਚੋਂ, ਮੈਂ ਨਾ ਮਾਨੂੰ ਦੀ ਵਿਰਤੀ ਵਾਲੇ ਭੇਖੀ ਭੂਤਨੇ ਪੈਦਾ ਹੋਣੇ ਸ਼ੁਰੂ ਹੋ ਗਏ, ਜੋ ਗਿਆਨ ਅਤੇ ਸੱਚ ਦੀ ਵਿਰੋਧੀ, ਆਪਣੀ ਝੂਠ ਸਮੱਗਰੀ (**ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮ ਨ ਜਾਨਾ ॥੮੧੫॥**) ਨੂੰ, ਦਸਮੇਸ਼ ਲਿਖਤ ਸਮੱਗਰੀ ਕਹਿ ਕੇ, ਹਕੂਮਤੀ ਤਾਕਤ ਦੀ ਸ਼ਹਿ ਨਾਲ, ਮੱਲੋਜ਼ੋਰੀਂ, ਗੁਰੂ ਨਾਨਕ ਜੀ ਦੇ ਨਿਰਮਲ ਪੰਥ ਸਿਰ ਥੋਪਣ ਲਈ ਆਪਣੀ ਚੋਟੀ ਤੋਂ ਅੱਡੀ ਤੱਕ ਜ਼ੋਰ ਲਾਈ ਜਾ ਰਹੇ ਹਨ।

ਇਸੀ ਸੋਚ ਤਹਿਤ, ਕਨੇਡਾ ਨਿਵਾਸੀ ਦੋ ਸੱਜਨ, ਸਤਵਿੰਦਰਪਾਲ ਸਿੰਘ ਅਤੇ ਜਸਵਿੰਦਰ ਸਿੰਘ ਵਲੋਂ, ਦਸਮ ਗ੍ਰੰਥ ਬਾਰੇ ਇੱਕ ਛੋਟਾ ਜਿਹਾ ਕਿਤਾਬਚਾ (ਪੈਂਫ਼ਲਿਟ) ਲਿਖ (ਛਪਣ ਸਮਾਂ ਰਹਿਤ) ਛਪਵਾ ਕੇ ਵੰਡਿਆ ਗਿਆ। ਜਿਸ ਵਿੱਚ ਇਸਨੂੰ ਪੜ੍ਹਨ ਅਤੇ ਇਸ ਦਾ ਪ੍ਰਚਾਰ ਕਰਨ ਬਾਰੇ ਅਰਜ਼ੋਈ ਕੀਤੀ ਗਈ ਹੈ। ਸਿਡਨੀ (ਅਸਟ੍ਰੇਲੀਆ) ਨਿਵਾਸੀ ਵਿਜੈਪਾਲ ਸਿੰਘ ਰਾਹੀਂ, ਮੈਨੂੰ ਇਹ ਕਿਤਾਬਚਾ ਪੜ੍ਹਨ ਨੂੰ ਮਿਲਿਆ ਅਤੇ ਨਾਲ ਹੀ ਰੋਸੇ ਭਰਿਆ ਇੱਕ ਨਿਹੋਰਾ ਭੀ ਕਿ ਇਨ੍ਹਾਂ, ਗਿਆਨ ਗੁਰੂ ਵਲੋਂ ਮੂੰਹ ਮੋੜ ਕੇ, ਕੁਰਾਹੇ ਪਿਆਂ ਨੂੰ ਕੌਣ ਸਮਝਾਵੇ? ਕਿਤਾਬਚੇ ਨੂੰ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਇਹ ਸਿੱਖ ਪਹਿਰਾਵੇ ਦੇ ਧਾਰਨੀ, ਗਿਆਨ ਗੁਰੂ ਦੇ ਸਿੱਖ ਅਖਾਉਣ ਵਾਲੇ, ਜਾਂ

ਤਾਂ ਅਗਿਆਨਤਾਈ ਦੇ ਗੂੜ੍ਹ ਹਨੇਰੇ ਵਿੱਚ ਭਟਕੇ ਹੋਏ ਹਨ, ਜਾਂ ਫਿਰ ਸਿੱਖ ਪਹਿਰਾਵੇ ਵਿੱਚ ਛੁਪਾਏ ਇਹ ਸਰੀਰ, ਗੁਰਮਤਿ ਸਿਧਾਂਤਾਂ ਉੱਤੇ, ਗੁਰਮਤਿ ਵਿਰੋਧੀ ਵਿਚਾਰਧਾਰਾ ਥੋਪਣ ਵਾਲੇ ਭੇਖੀ ਹੀ ਕਹੇ ਜਾ ਸਕਦੇ ਹਨ। ਸ਼ਬਦ ਗੁਰ ਜੋਤਿ ਬਾਬਾ ਨਾਨਕ ਜੀ ਦਾ ਵਿਚਾਰਧਾਰਕ ਸਿੱਖ, ਦੇਵਤਾਈ ਪੁਰਾਣਿਕ ਲਿਖਤਾਂ ਦੀ ਤੁਲਨਾ, ਗੁਰੂਬਾਣੀ (ਗੁਰੂ ਗ੍ਰੰਥ ਸਾਹਿਬ ਦੀ ਬਾਣੀ) ਨਾਲ ਕਿਵੇਂ ਕਰ ਸਕਦਾ ਹੈ ? ਜਾਂ ਇੰਝ ਕਹਿ ਲਵੋ ਕਿ ਸੁਤੇਲੇ ਬਾਪ ਦੀ ਤੁਲਨਾ, ਅਸਲ ਬਾਪ ਨਾਲ ਕਰਨ ਵਾਲਾ, ਸਪੁੱਤਰ ਕਿਵੇਂ ਅਖਵਾ ਸਕਦਾ ਹੈ ? ਜੇ ਕੋਈ ਐਸਾ ਕੁਕਰਮ ਕਰਨ ਦੀ ਕੋਸ਼ਿਸ਼ (**ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥** ਗੁਰ ਉਪਦੇਸ਼ ਅਨੁਸਾਰ) ਕਰਦਾ ਹੈ, ਉਸਨੂੰ, ਕੁਪੁੱਤਰ ਹੋਣ ਦੀ ਉਪਾਧੀ ਹੀ ਮਿਲਦੀ ਹੈ, ਸਪੁੱਤਰ ਹੋਣ ਦੀ ਨਹੀਂ। ਗਿਆਨ ਪ੍ਰਕਾਸ਼ ਸ਼ਬਦ ਗੁਰੂ ਦੀ ਬਜਾਏ, ਸਰੀਰਾਂ (ਦੇਹਧਾਰੀਆਂ) ਨਾਲ ਜੁੜਨ ਵਾਲੇ ਜਾਂ ਇੰਝ ਕਹਿ ਲਵੋ ਕਿ ਸੰਪ੍ਰਦਾਈ ਸੋਚ ਰੱਖਣ ਵਾਲੇ (ਬਿੱਪ੍ਰੀ ਲਿਖਤਾਂ ਦੇ ਪੈਰੋਕਾਰ) ਐਸਾ ਕਰਨ ਦੀ ਜ਼ਿੱਦ ਕਿਉਂ ਫੜੀ ਬੈਠੇ ਹਨ ? ਕੀ ਇਨ੍ਹਾਂ ਨੇ ਗੁਰੂਬਾਣੀ ਦਾ ਸਪੱਸ਼ਟ ਉਪਦੇਸ਼ (**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥...ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥** ਅਤੇ, **ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ**) ਪੜ੍ਹਿਆ ਜਾਂ ਸੁਣਿਆ ਨਹੀਂ ਜਾਂ ਜਾਣ ਬੁੱਝ ਕੇ ਮੱਚਲੇ ਬਣ ਗੁਰੂ ਉਪਦੇਸ਼ ਵਲੋਂ ਮੂੰਹ ਫੇਰੇ ਹੋਏ ਹਨ। ਕੁੱਝ ਸਮੇਂ ਪਿੱਛੋਂ ਮਿਲਣ 'ਤੇ ਵਿਜੈਪਾਲ ਸਿੰਘ ਨੇ ਪੁੱਛਿਆ—ਜੰਗੀ (ਵਿਜੈਪਾਲ ਸਿੰਘ ਦਾ ਵੱਡਾ ਭਰਾ, ਕਨੇਡਾ ਨਿਵਾਸੀ) ਹੋਰਾਂ ਵਾਲਾ ਟ੍ਰੈਕਟ ਪੜ੍ਹਿਆ ਸੀ, ਕਿਵੇਂ ਲੱਗਾ ? ਮੈਂ ਕਿਹਾ—ਪੜ੍ਹ ਵੀ ਲਿਆ ਹੈ ਅਤੇ ਇਹ ਵਿਚਾਰ ਵੀ ਬਣਾ ਲਿਆ ਹੈ ਕਿ ਇਸਦਾ ਜਵਾਬ ਭੀ ਜ਼ਰੂਰ ਦਿਆਂ। ਤਦ ਵਿਜੈਪਾਲ ਸਿੰਘ ਨੇ ਕਿਹਾ—ਜੇਕਰ ਦੇ ਸਕਦੇ ਹੋ ਤਾਂ ਜ਼ਰੂਰ ਦਿਓ। ਟ੍ਰੈਕਟ, ਕਿਤੇ ਕਿਤਾਬਾਂ ਵਿੱਚ ਰੱਖਿਆ ਜਾਣ ਦੇ ਕਾਰਨ, ਅੱਖੋਂ ਪਰੋਖੇ ਹੋ ਗਿਆ ਤੇ ਜਵਾਬ ਦੇਣ ਵਾਲੀ ਸੋਚ ਵੀ ਵਿਸਰ ਗਈ। ਕਾਫ਼ੀ ਸਮੇਂ ਬਾਅਦ ਇੱਕ ਦਿਨ ਕਿਤਾਬਾਂ ਫਰੋਲਦਿਆਂ, ਟ੍ਰੈਕਟ ਮਿਲ ਗਿਆ, ਤਦ ਵਿਸਰ ਚੁੱਕੀ ਜਵਾਬ ਦੇਣ ਵਾਲੀ ਯਾਦ ਵੀ ਪਰਤ ਆਈ, ਜਿਸਦਾ ਪਰਮਾਣ ਪਾਠਕਾਂ ਦੀ ਪਰ੍ਹੇ (ਵਿਚਾਰ ਮੰਚ) ਵਿੱਚ ਹਾਜ਼ਰ ਹੈ।

ਕਿਸ਼ਨ ਸਿੰਘ

ਗੁਰ ਕੀ ਮਤਿ ਤੂੰ ਲੇਹਿ ਇਆਨੇ

ਕਿਤਾਬਚੇ ਦੇ ਪੰਨਾ ੨ ਉੱਤੇ, ਸੰਗਤਾਂ ਨੂੰ ਅਰਜੋਈ ਵਿੱਚ ਇਹ ਗੁਰੂ ਪੰਥ ਦੇ ਦਾਸ (ਜਸਵਿੰਦਰ ਸਿੰਘ ਤੇ ਸਤਵਿੰਦਰਪਾਲ ਸਿੰਘ, ਜੋ ਗੁਰੂ ਗ੍ਰੰਥ ਸਾਹਿਬ ਦੇ ਦਾਸ ਨਹੀਂ ਬਣੇ) ਲਿਖਦੇ ਹਨ, ਗੁਰੂ ਗ੍ਰੰਥ ਅਤੇ ਗੁਰੂ ਪੰਥ ਵਿਰੋਧੀ ਮਾਰੂ ਸ਼ਕਤੀਆਂ ਗੁਰੂ ਨਾਨਕ ਜੀ ਦੇ ਸਮੇਂ ਤੋਂ ਹੀ ਮੁਹਿੰਮਾਂ ਚਲਾਉਂਦੀਆਂ ਆਈਆਂ ਹਨ। ਇਹ ਤਾਂ ਪ੍ਰੋ: ਸਾਹਿਬ ਸਿੰਘ ਜੀ ਦਾ ਉੱਦਮ ਸੀ, ਜੁ ਉਨ੍ਹਾਂ ਨੇ ਆਪਣੀ ਅਕੱਟ ਦਲੀਲ ਨਾਲ ਇਸ (ਭਗਤ ਬਾਣੀ, ਸੱਦ ਅਤੇ ਗੁਰੂ ਰਾਮ ਦਾਸ ਜੀ ਦਾ ਰਾਗ ਤੁਖਾਰੀ ਵਿੱਚ ਲਿਖਿਆ ਇੱਕ ਸ਼ਬਦ (ਕਿਹੜਾ ਸ਼ਬਦ, ਨਾਮ ਨਹੀਂ) ਨੂੰ ਗੁਰਬਾਣੀ ਸਿੱਧ ਕੀਤਾ।

ਜਾਂ ਤਾਂ ਇਹ ਪੰਥ ਦੇ ਦਾਸ ਜਾਣ ਬੁੱਝ ਕੇ ਮੀਸਣੇ ਬਣਦੇ ਹਨ ਜਾਂ ਫਿਰ ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਪ੍ਰੋ: ਸਾਹਿਬ ਸਿੰਘ ਜੀ ਨੇ ਗੁਰੂ-ਬਾਣੀ ਉੱਤੇ ਕਿੰਤੂ ਕਰਨ ਵਾਲਿਆਂ ਨੂੰ ਹਰ ਪੱਖੋਂ ਮੋੜਵਾਂ ਉੱਤਰ ਦਿੱਤਾ ਸੀ ਪਰ ਗੁਰੂ ਬਾਣੀ ਤੋਂ ਬਾਹਰੀ ਰਚਨਾ ਚੌਪਈ (ਹਮਰੀ ਕਰੋ ਹਾਥ ਦੈ ਰੱਛਾ) ਨੂੰ ਗੁਰੂ ਲਿਖਤ ਮੰਨਣ ਤੋਂ ਇਨਕਾਰ ਕਰ ਕੇ, ਉਸਦੇ ਅਰਥ ਵੀ ਨਹੀਂ ਸਨ ਕੀਤੇ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ, ਮੱਕਾਰੀ ਸੋਚ ਤਹਿਤ, ਉਨ੍ਹਾਂ ਦੇ ਨਾਮ ਹੇਠ ਅਰਥ ਕਰ ਕੇ ਗੁਟਕਿਆਂ ਵਿੱਚ ਪਾ ਦਿੱਤੇ ਗਏ। ਜਦ ਪ੍ਰੋ: ਸਾਹਿਬ ਸਿੰਘ ਜੀ ਨੇ ਗੁਰਬਾਣੀ ਵਿਆਕਰਣ ਕਿਤਾਬ ਲਿਖੀ ਸੀ, ਉਸ ਵੇਲੇ ਸਭ ਤੋਂ ਵੱਧ ਢਿੱਡ ਪੀੜ ਸੰਪ੍ਰਦਾਈਆਂ (ਦਸਮ ਗ੍ਰੰਥ ਦੇ ਹਮਾਇਤੀਆਂ) ਨੂੰ ਹੀ ਹੋਈ ਸੀ, ਜੋ ਅੱਜ ਵੀ ਗੁਰਬਾਣੀ ਦੇ ਉਚਾਰਨ ਸੰਬੰਧੀ (ਮਹਲਾ ਨੂੰ ਮਹੱਲਾ, ਰਾਹੁ ਨੂੰ ਰਾਹੋ ਅਤੇ ਵਾਹੁ ਨੂੰ ਵਾਹੋ ਕਹਿਣ ਦਾ) ਬਖੇੜਾ ਪਾਈ ਰੱਖਦੇ ਹਨ। ਜੋ ਗੁਰੂਬਾਣੀ ਵਿਰੋਧੀ ਸ਼ਕਤੀਆਂ ਗੁਰੂ ਨਾਨਕ ਜੀ ਦੇ ਸਮੇਂ ਤੋਂ ਮੁਹਿੰਮਾਂ ਚਲਾਉਂਦੀਆਂ ਆਈਆਂ ਸਨ, ਉਹ ਗੁਰੂਬਾਣੀ ਦੇ ਅੰਤਲੇ ਪੰਨੇ ਉੱਤੇ, ਰਾਗ ਮਾਲਾ ਦਰਜ ਕਰਨ ਤੋਂ ਬਿਨਾਂ, ਗੁਰੂਬਾਣੀ ਦਾ ਹੋਰ ਕੁੱਝ ਨਾ ਵਿਗਾੜ ਸਕੀਆਂ, ਪਰ ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਹੋਰ ਸ਼ਰੀਕ (ਅਖੌਤੀ ਸ੍ਰੀ ਦਸਮ ਗ੍ਰੰਥ ਸਾਹਿਬ) ਪੈਦਾ ਕੀਤਾ, ਇਸ ਤੋਂ ਵੱਡੀ ਕੋਈ ਹੋਰ ਗੁਰਮਤਿ ਸਿਧਾਂਤ ਮਾਰੂ ਸ਼ਕਤੀ ਕਿਹੜੀ ਹੋ ਸਕਦੀ ਹੈ ? ਜਿਸਦਾ ਤੁਸੀਂ ਅਤੇ ਤੁਹਾਡੇ ਆਕਾ 'ਘੋਸਾ ਜੀ' ਡੱਟ ਕੇ ਸਾਥ ਦੇ ਰਹੇ ਹੋ।

ਅੱਗੇ ਗੁਰੂ ਪੰਥ ਦਾਸੀਏ ਲਿਖਦੇ ਹਨ ਕਿ ਵਾਰਾਂ ਭਾਈ ਗੁਰਦਾਸ ਜੀ ਨੂੰ, ਗੁਰਬਾਣੀ ਦੀ ਕੁੰਜੀ ਕਹਿਣ ਨਾਲ ਇਨ੍ਹਾਂ ਦੇ ਢਿੱਡ ਪੀੜ ਹੁੰਦੀ ਹੈ। ਗੁਰੂ ਪੰਥ ਦੇ ਦਾਸੋ, ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦਾ ਕੀਰਤਨ ਗੁਰੂ ਦੇ ਦਰਬਾਰ ਵਿੱਚ ਹੁੰਦਾ ਹੈ। ਕਦੀ ਕੋਈ ਐਸਾ ਸਿੱਖ ਦੇਖਣ ਨੂੰ ਨਹੀਂ ਮਿਲਿਆ ਜਿਸਨੂੰ ਭਾਈ ਗੁਰਦਾਸ ਜੀ ਦੀ ਰਚਨਾ ਸੁਣ ਕੇ ਢਿੱਡ ਪੀੜ ਹੋਈ ਹੋਵੇ ਤੇ ਉਹ ਗੁਰ ਦਰਬਾਰ ਵਿੱਚੋਂ ਉੱਠ ਕੇ ਗਿਆ ਹੋਵੇ। ਤੁਹਾਡੀ ਸੋਚ ਦੇ ਪਿਤਾਮਾ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਗੁਰਮਤਿ ਵਿਰੋਧੀ (ਤੁਹਾਡੇ ਵਰਗਿਆਂ ਜਿਹੀ) ਸੋਚ ਵਲੋਂ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨਾਲ

ਵੀ ਅਨੇਕ ਥਾਵੀਂ ਛੇੜ-ਛਾੜ ਕੀਤੀ ਹੋਈ ਹੈ। ਮਿਸਾਲ ਦੇ ਤੌਰ 'ਤੇ, ਚਾਰ ਜੁੱਗਾਂ ਦੇ (ਵਿਸ਼ਨੂੰ ਦਾ ਵ, ਹਰੀਕ੍ਰਿਸ਼ਨ ਦਾ ਹ, ਰਾਮ ਦਾ ਰ ਅਤੇ ਗੋਬਿੰਦ ਦਾ ਗ) ਚਾਰ ਅੱਖਰ ਲੈ ਕੇ ਵਾਹਿਗੁਰੂ ਸ਼ਬਦ ਬਣਾਇਆ ਗਿਆ। ਇਹ ਵੀ ਸੋਚਣਾ ਬਣਦਾ ਹੈ ਕਿ ਬਾਬਾ ਨਾਨਕ ਜੀ ਤੋਂ ਗੁਰ ਜੋਤਿ ਰਾਮਦਾਸ ਜੀ ਦੇ ਸਮੇਂ ਤੱਕ, ਗੁਰੂਬਾਣੀ, ਕੁੰਜੀ ਤੋਂ ਬਿਨਾਂ ਹੀ ਸੀ ? ਕੀ ਉਸ ਵੇਲੇ ਦੇ ਗੁਰੂ ਨਾਨਕ ਪੈਰੋਕਾਰਾਂ ਤੋਂ ਗੁਰਬਾਣੀ ਦਾ ਜਿੰਦਾ ਨਹੀਂ ਸੀ ਖੁੱਲ੍ਹਿਆ, ਜੋ ਭਾਈ ਗੁਰਦਾਸ ਜੀ ਦੀ ਕੁੰਜੀ ਨਾਲ ਹੀ ਖੋਲ੍ਹਿਆ ਗਿਆ ? ਸੂਰਜ ਦੇ ਪ੍ਰਕਾਸ਼ ਨੂੰ ਸੱਚ ਸਿੱਧ ਕਰਨ ਲਈ, ਚੰਦ, ਤਾਰਿਆਂ ਤੇ ਦੀਵਿਆਂ ਦਾ ਪਰਮਾਣ ਦੇਣਾ ਸ਼ੋਭਾ ਨਹੀਂ ਦਿੰਦਾ, ਹਾਂ, ਚੰਦ ਤਾਰਿਆਂ, ਦੀਵਿਆਂ ਦਾ ਪ੍ਰਕਾਸ਼ (ਰੌਸ਼ਨੀ) ਸਿੱਧ ਕਰਨ ਲਈ ਮੂਲ ਸਰੋਤ ਸੂਰਜ ਦਾ ਪ੍ਰਮਾਣ ਦਿੱਤਾ ਜਾ ਸਕਦਾ ਹੈ। ਕੁੰਜੀ ਬਾਰੇ ਪੜ੍ਹੋ ਗੁਰੂਬਾਣੀ ਉਪਦੇਸ਼ :

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥
ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ ॥੧੨੩੯/੧੦॥
ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥
ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੮੯੩/੧੯॥
ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧੨੩੭/੧੧॥

ਅੱਗੇ ਗੁਰੂ ਪੰਥ ਦੇ ਦਾਸ ਲਿਖਦੇ ਹਨ ਕਿ, ਇਹ ਟ੍ਰੈਕਟ (ਜੋ ਅਮਰਜੀਤ ਸਿੰਘ ਖੋਸਾ ਦੁਆਰਾ ਲਿਖਤ ਪੁਸਤਕ ਦਸਮ ਗ੍ਰੰਥ ਸਾਹਿਬ ਦਸਮੇਸ਼-ਕ੍ਰਿਤ ਪ੍ਰਮਾਣਿਕਤਾ) ਵਿੱਚੋਂ ਲਿਆ ਗਿਆ ਹੈ, ਦਾ ਮੁਖ ਮਕਸਦ ਆਮ ਸੰਗਤਾਂ ਨੂੰ ਜਾਣਕਾਰੀ ਦੇਣ ਹਿੱਤ ਵੰਡ ਰਹੇ ਹਾਂ, ਤਾਂ ਜੁ ਸੰਗਤਾਂ ਆਪ ਫ਼ੈਸਲਾ ਕਰ ਸਕਣ ਕਿ ਦਸਮ ਗ੍ਰੰਥ ਬਾਰੇ ਗੁਰੂ-ਪੰਥ ਦਾ ਕੀ ਫ਼ੈਸਲਾ ਹੈ।

ਅਮਰਜੀਤ ਸਿੰਘ ਖੋਸਾ ਨੇ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਕੁਝ ਸ਼ਬਦਾਂ (ਸੇਜ, ਕੰਤ, ਭੋਗ, ਰਸ, ਚਲਿਤ, ਮ੍ਰਿਗ-ਤ੍ਰਿਸ਼ਨਾ, ਰਾਵਣਾ, ਛਲਣਾ ਆਦਿ) ਦੀ ਚੋਣ ਕੀਤੀ, ਫਿਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਇਹ ਸੇਜ, ਕੰਤ, ਭੋਗ, ਰਸ, ਰਾਵਣਾ, ਛਲਣਾ ਸ਼ਬਦ ਲਏ ਅਤੇ ਫਿਰ ਇਨ੍ਹਾਂ ਸ਼ਬਦਾਂ ਦੀ ਤੁਲਨਾ ਦਸਮ ਗ੍ਰੰਥ ਦੇ ਚਰਿਤ੍ਰੋ ਪਖਯਾਨ ਦੀਆਂ ਅਸ਼ਲੀਲ ਰਚਨਾਵਾਂ ਵਿੱਚ ਵਰਤੇ ਹੋਏ ਇਨ੍ਹਾਂ ਸ਼ਬਦਾਂ ਨਾਲ ਕਰਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜੇ ਦਸਮ ਗ੍ਰੰਥ ਵਿੱਚ ਅਸ਼ਲੀਲਤਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਅਸ਼ਲੀਲ ਸ਼ਬਦ ਵਰਤੇ ਹੋਏ ਹਨ। ਦਸਮ ਗ੍ਰੰਥ ਦੀ ਪ੍ਰਮਾਣਿਕਤਾ ਸਿੱਧ ਕਰਨ ਦੀ ਹੋੜ ਵਿੱਚ 'ਖੋਸਾ' ਇਹ ਭੁੱਲ ਹੀ ਗਿਆ ਹੈ ਕਿ ਉਹ ਸਿੱਖ ਕੌਮ ਦੀ ਗੁਰਤਾ ਗੱਦੀ ਉੱਤੇ ਪ੍ਰਕਾਸ਼ਮਾਨ, ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦਾਵਲੀ ਦੀ ਤੁਲਨਾ, ਇੱਕ ਨਿਖਸਮੀ ਅਤੇ ਨਿਗੁਰੀ ਰਚਨਾਵਲੀ ਨਾਲ ਕਰ ਕੇ, ਕਿੱਡਾ ਵੱਡਾ ਗੁਨਾਹ ਕਰ ਰਹੇ ਹਨ। ਗੁਰ-ਉਪਦੇਸ਼ ਵੱਲ ਧਿਆਨ ਦਿਓ, **ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ** ॥੬੮੫/੧੨॥ ਐਸੇ ਅੰਮ੍ਰਿਤ ਰੂਪੀ ਸਾਗਰ ਦੀ ਅਨੰਦਤਾ ਮਾਣਦਿਆਂ, ਕੁੱਝ ਅਖੌਤੀ ਵਿਦਵਾਨ, ਚਿੱਕੜ ਟੋਭਿਆਂ ਵਿੱਚ ਟੁੱਭੀਆਂ ਮਾਰਨ ਲਈ ਕਿਉਂ ਵਿਆਕੁਲ ਹੋਏ ਰਹਿੰਦੇ ਹਨ ? **ਪਤਾ ਨਹੀਂ, ਦਸਮ ਗ੍ਰੰਥ ਦੇ ਹਮਾਇਤੀਆਂ ਨੂੰ, ਇਸ ਹਮਾਇਤ ਦਾ ਕੀ ਇਵਜ਼ਾਨਾ ਮਿਲਦਾ ਹੋਵੇਗਾ ? ਜਿਸ ਬਦਲੇ**

ਦਸਮ ਗ੍ਰੰਥ ਹਮਾਇਤੀਆਂ ਨੇ ਆਪਣੀ ਜ਼ਮੀਰ ਹੀ ਗਿਰਵੀ ਰੱਖੀ ਹੋਈ ਹੈ। ਖ਼ੈਰ ਉੱਪਰ ਦਿੱਤੀ ਸ਼ਬਦਾਵਲੀ ਦਾ ਮਿਆਰ ਅੱਗੇ ਜਾ ਕੇ ਪੇਸ਼ ਕਰਾਂਗਾ।

ਅੱਗੇ ਪੰਨਾ ੨ ਉੱਤੇ ਹੀ ਲਿਖਦੇ ਹਨ, ਜੇ ਦਸਮ ਗ੍ਰੰਥ ਵਿੱਚੋਂ ਲਿਆ ਜਾਪੁ ਸਾਹਿਬ, ਸਵੈਯੇ, ਚੌਪਈ ਅਤੇ ਅਰਦਾਸ (ਪ੍ਰਿਥਮ ਭਗੌਤੀ ਸਿਮਰ ਕੈ) ਨੂੰ ਕੱਢ ਦਿੱਤਾ ਜਾਵੇ ਤਾਂ ਨਿੱਤਨੇਮ ਅਤੇ ਅੰਮ੍ਰਿਤ ਦੀਆਂ ਬਾਣੀਆਂ ਕੀ ਰਹਿ ਜਾਣਗੀਆਂ ? ਇਸ ਦਸਮ ਗ੍ਰੰਥ ਦੀ ਬਾਣੀ ਤੋਂ ਬਗ਼ੈਰ ਪੰਥ ਦੀ ਕੀ ਹਾਲਤ ਹੋ ਸਕਦੀ ਹੈ, ਪੰਥ ਨੂੰ ਕੀ ਨੁਕਸਾਨ ਹੁੰਦਾ ਹੈ ਅਤੇ ਕਰਨ ਵਾਲੇ ਕੌਣ ਹਨ, ਦੀ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ।

ਇਹ ਗੁਰੂ ਪੰਥ ਦੇ ਦਾਸ, ਕਿਹੜੇ ਗੁਰੂ ਪੰਥ ਦੇ ਫ਼ੈਸਲੇ ਬਾਰੇ ਸੰਗਤਾਂ ਨੂੰ ਜਾਣਕਾਰੀ ਦੇ ਰਹੇ ਹਨ ? ਇਹ ਆਪ ਹੀ ਸਿੱਖ ਰਹਿਤ ਮਰਯਾਦਾ ਪੜ੍ਹ ਕੇ ਦੇਖ ਲੈਣ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਾਖਾ ਧਰਮ ਪ੍ਰਚਾਰ ਕਮੇਟੀ ਵਲੋਂ ੧੯੪੫ ਈਸਵੀ ਤੋਂ ਛਾਪੀ ਅਤੇ ਵੰਡੀ ਜਾ ਰਹੀ ਹੈ, ਉਸ ਵਿੱਚ ਤਿੰਨ ਬਾਣੀਆਂ (ਜਾਪੁ, ਸਵੈਯੇ ਤੇ ਚੌਪਈ, ਜੋ ਭੇਖੀ ਸੰਪ੍ਰਦਾਵਾਂ ਵਲੋਂ ਮੱਕਾਰੀ ਨੀਤੀ ਤਹਿਤ ਅੰਮ੍ਰਿਤ ਸੰਚਾਰ ਦਾ ਹਿੱਸਾ ਹੀ ਨਹੀਂ ਬਣੀਆਂ ਸਗੋਂ ਦੋ, ਤਿੰਨ ਦੇ ਅਨੁਪਾਤ ਨਾਲ, ਗੁਰੂਬਾਣੀ ਉੱਤੇ ਆਪਣਾ ਬਹੁਮੱਤ ਵੀ ਪੇਸ਼ ਕਰ ਗਈਆਂ) ਤਾਂ ਭਾਵੇਂ ਲਿਖੀਆਂ ਹੋਈਆਂ ਹਨ ਪਰ ਦਸਮ ਗ੍ਰੰਥ ਦੇ ਨਾਮ ਦਾ ਕੋਈ ਜ਼ਿਕਰ ਜਾਂ ਸੰਕੇਤ ਤੱਕ ਨਹੀਂ ਹੈ। ਗੁਰੂ ਨਾਨਕ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਜੋ ਸਿੱਖਾਂ ਦਾ ਨਿੱਤਨੇਮ ਸੀ, ਉਹ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੇ ੧੩ ਪੰਨਿਆ ਉੱਤੇ, **ਜਪੁ, ਸੋ ਦਰੁ ਤੇ ਸੋਹਿਲਾ** ਸਿਰਲੇਖ ਹੇਠ [ਦੇਖੋ ਗਵਾਹੀ ਭਾਈ ਗੁਰਦਾਸ ਜੀ **ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਜਪੁ ਉਚਾਰਾ॥** (ਵਾਰ ੧/੩੮)] ਪ੍ਰਕਾਸ਼ਮਾਨ ਹੈ। ਅਖੌਤੀ ਦਸਮ ਗ੍ਰੰਥ, ਦੇ ਜਨਮ ਤੋਂ ਪਹਿਲੇ ਹੀ, ਗੁਰੂ ਦਾ ਪੰਥ (ਭੂਰਿਆਂ ਵਾਲੇ) ਰਾਜ ਸ਼ਕਤੀ ਪ੍ਰਾਪਤ ਕਰਨ ਦੀਆਂ ਬਰੂਹਾਂ ਤੱਕ ਪਹੁੰਚ ਚੁੱਕੇ ਸਨ। ਇਸ ਅਖੌਤੀ ਦਸਮ ਗ੍ਰੰਥ ਦੀ ਆਮਦ ਨਾਲ ਹੀ ਸਿੱਖ ਕੌਮ ਅੰਦਰ ਡੇਰਾਵਾਦ ਦਾ ਜਨਮ ਹੋਇਆ। **ਇਨ੍ਹਾਂ ਦਸਮ ਗ੍ਰੰਥ ਦੇ ਪੈਰੋਕਾਰਾਂ ਦੀ ਜਾਣਕਾਰੀ ਲਈ, ਦਸਮ ਗ੍ਰੰਥ ਦੇ ਪੂਰਨ ਹਮਾਇਤੀ, ਰਤਨ ਸਿੰਘ ਜੱਗੀ ਦੀ ਲਿਖਤ, ਦਸਮ ਗ੍ਰੰਥ ਦਾ ਕਰਤ੍ਰਿਤਵ, ਦਾ ਪਰਮਾਣ ਹੀ ਦਿਆਂਗਾ,** ਉਹ ਲਿਖਦੇ ਹਨ ਕਿ **ਇਤਿਹਾਸ ਇਸ ਮਨੌਤ ਦੀ ਕਤਅਨ ਗਵਾਹੀ ਨਹੀਂ ਦਿੰਦਾ ਕਿ ਦਸਮੇਸ਼ ਜੀ ਨੇ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਅੱਜ ਕੱਲ ਪੜ੍ਹੀਆਂ ਜਾਂਦੀਆਂ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕੀਤਾ ਸੀ। ਐਸਾ ਦਾਅਵਾ ਕਰਨਾ ਸਿਰਫ਼ ਲੂਣ ਦਾ ਪਿੰਨਾ ਪੱਥਣ ਸਮਾਨ** (ਜੋ ਇਹ ਗੁਰੂ ਪੰਥ ਦਾਸੀਏ ਪੱਥਣ ਤੋਂ ਬਾਜ਼ ਹੀ ਨਹੀਂ ਆਉਂਦੇ) **ਹੈ। ਐਸੀ ਹਕੀਕੀ ਸਥਿਤੀ ਵਿੱਚ ਕੀ ਕੀਤਾ ਜਾਵੇ ? ਅਸਾਡਾ ਸਨਿਮਰ ਨਿਵੇਦਨ ਹੈ ਕਿ ਅੱਜ ਕੱਲ ਜਿਨ੍ਹਾਂ ਪੰਜਾਂ ਬਾਣੀਆਂ ਦਾ ਪਾਠ ਅੰਮ੍ਰਿਤਪਾਨ ਦੇ ਸਮੇਂ ਹੁੰਦਾ ਹੈ, ਇਨ੍ਹਾਂ ਦਾ ਇੰਨ-ਬਿੰਨ ਉਲੇਖ ਸਿੰਘ ਸਭਾ ਲਹਿਰ** (ਜੋ ੧੮੭੨-੭੩ ਤੋਂ, ਭਾਵ ਗੁਰੂ ਕਾਲ ਤੋਂ ੧੬੪ ਸਾਲ ਬਾਅਦ ਚੱਲੀ) **ਤੋਂ ਪਹਿਲਾਂ ਕਿਸੇ ਵੀ ਪ੍ਰਮਾਣਿਤ ਇਤਿਹਾਸ ਤੋਂ ਪਰਾਪਤ ਨਹੀਂ ਹੁੰਦਾ। ਜਾਪਦਾ ਹੈ ਕਿ ਸਿੰਘ ਸਭਾ ਲਹਿਰ ਤੋਂ ਪਹਿਲਾਂ ਅੰਮ੍ਰਿਤਪਾਨ ਸੰਬੰਧੀ ਬਾਣੀਆਂ ਦੀ ਕੋਈ ਨਿਸਚਿਤ ਪਰੰਪਰਾ ਨਹੀਂ ਸੀ, ਜੱਥੇ ਜੱਥੇ ਅਤੇ ਡੇਰੇ ਡੇਰੇ ਅਨੁਸਾਰ ਪਰੰਪਰਾ ਵੀ ਬਦਲਦੀ ਰਹੀ ਸੀ। ਖੋਸਾ ਜੀ ਤੇ ਉਸਦੇ ਪੈਰੋਕਾਰ, ਜੋ ਕਾਲਪੁਰਖੀ ਬੇਨਤੀ ਚੌਪਈ ਨੂੰ, ੩੦੦ ਸਾਲ ਤੋਂ ਚਲੀ ਆਉਂਦੀ ਦੀ ਡੱਫਲੀ ਵਜਾਈ ਜਾ ਰਹੇ ਹਨ, ਇਸ ਝੂਠ ਸਮੱਗ੍ਰੀ ਨੂੰ ਸੱਚ ਸਾਬਤ ਕਰਨ ਦਾ ਕੋਈ ਠੋਸ ਪਰਮਾਣ ਦੇ ਕੇ, ਰਤਨ ਸਿੰਘ ਜੱਗੀ ਦੇ ਲਿਖਤੀ ਦਾਹਵੇ ਨੂੰ ਝੁਠਲਾ ਸਕਦੇ ਹਨ ?**

ਅੱਗੇ ਇਹ ਗੁਰੂ ਪੰਥ ਦੇ ਦਾਸ ਲਿਖਦੇ ਹਨ ਕਿ, ਅਜੋਕੀ ਦਸਮ-ਗ੍ਰੰਥ ਸਾਹਿਬ (ਗੁਰੂ ਪੰਥ ਦੇ ਦਾਸੋ, ਗੁਰ ਉਪਦੇਸ਼ ਅਨੁਸਾਰ ਸਿੱਖ ਕੌਮ ਦੇ ਕਿੰਨੇ ਕੁ ਸਾਹਿਬ ਹਨ ? ਇਹ ਬਚਿੱਤ੍ਰ ਨਾਟਕੀ ਗ੍ਰੰਥ ਤੁਹਾਡਾ ਸਾਹਿਬ ਕਦੋਂ ਬਣਿਆ ਤੇ ਕਿਸ ਨੇ ਬਣਾਇਆ, ਕੋਈ ਤੱਥ ਪੇਸ਼ ਕਰ ਸਕਦੇ ਹੋ ?) ਜੀ ਤੋਂ ਇਨਕਾਰੀ ਧਿਰ, ਆਪਣੀ ਡਫਲੀ ਇਸ ਤਰ੍ਹਾਂ ਵੀ ਵਜਾਉਂਦੀ ਹੈ ਕਿ ਸਾਰੇ ਵਿਦਵਾਨਾਂ ਨੂੰ ਹੁਣ ਮਿਲ ਬੈਠ ਕੇ ਦਸਮ ਗ੍ਰੰਥ ਬਾਰੇ ਫ਼ੈਸਲਾ ਕਰਨਾ ਚਾਹੀਦਾ ਹੈ, ਜਦੋਂ ਕਿ ਇਹ ਫ਼ੈਸਲਾ ਅਕਾਲ ਤਖ਼ਤ ਸਾਹਿਬ ਉੱਤੇ ਸੰਮਤ ਨਾਨਕਸ਼ਾਹੀ ੪੩੧ ਵਿੱਚ (ਤਕਰੀਬਨ ਸੌ ਸਾਲ ਪਹਿਲਾਂ) ਸਾਰੇ ਪੰਥ ਵਲੋਂ ਪ੍ਰਵਾਣਤ ਸੋਧਕ ਕਮੇਟੀ ਨੇ ਮਿਲ ਕੇ, ਦਸਮ ਗ੍ਰੰਥ ਸਾਹਿਬ ਜੀ ਦੀਆਂ ੩੨ ਪ੍ਰਾਚੀਨ ਬੀੜਾਂ ਦੇ ਭੇਦ ਅਤੇ ਪਦ ਛੇਦ ਲਗ, ਕੰਨੇ, ਮਾਤ੍ਰ ਦੀ ਸੁਧਾਈ ਕਰ ਕੇ ਬੀੜ ਤਿਆਰ ਕੀਤੀ ਅਤੇ ਸਿੱਧ ਕੀਤਾ ਕਿ ਸਾਰੀ ਸਮੱਗਰੀ, ਦਸਮੇਸ਼ ਜੀ ਦੀ ਲਿਖਤ ਹੈ।

ਇੱਥੇ ਬਚਿੱਤ੍ਰ ਨਾਟਕੀ ਰਚਨਾਵਾਂ ਦੇ ਹਮਾਇਤੀ ਆਪ ਹੀ ਮੰਨ ਗਏ ਹਨ ਕਿ, ਇਹ ਲਿਖਤ **ਸਮੱਗਰੀ** ਹੈ ਗੁਰੂਬਾਣੀ ਨਹੀਂ। ਜੇ ਇਹ ਸਮੱਗਰੀ ਹੈ ਫਿਰ ਅੰਮ੍ਰਿਤ ਸੰਚਾਰ ਅਤੇ ਨਿੱਤਨੇਮ ਵਿੱਚ, ਗੁਰੂਬਾਣੀ ਉੱਤੇ, ਦੋ ਤਿੰਨ ਦੇ ਅਨੁਪਾਤ ਨਾਲ ਭਾਰੂ ਕਿਉਂ ਅਤੇ ਕਿਵੇਂ ਹੋ ਗਈ ?

ਜੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ (ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ) ਵਲੋਂ ਮੂੰਹ ਫੇਰ ਲੈਣ ਵਾਲੇ ਇਹ ਕਹਿ ਸਕਦੇ ਹਨ ਕਿ, ਇਨ੍ਹਾਂ ਵਲੋਂ ਦਿੱਤੇ ਨਾਮ, ਅਖੌਤੀ ਦਸਮ ਗ੍ਰੰਥ ਦੀ ਸਾਰੀ ਸਮੱਗਰੀ (ਬਾਣੀ ਨਹੀਂ ਸਮੱਗਰੀ) **ਦਸਮੇਸ਼ ਜੀ ਦੀ ਲਿਖਤ ਹੈ ਤਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼, ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥ ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ** ॥੭੫੯/੩॥) **ਨੂੰ ਸਤਿ ਬਚਨ ਸਮਝ, ਮੰਨਣ ਵਾਲੇ ਗੁਰਸਿੱਖ ਇਹ ਕਿਉਂ ਨਾ ਕਹਿਣ ਕਿ, ਬਚਿੱਤ੍ਰ ਨਾਟਕ** (ਬਿੱਪ੍ਰਵਾਦੀ ਸੋਚ ਦਾ ਬਣਾਇਆ ਹੋਇਆ ਅਖੌਤੀ ਦਸਮ ਗ੍ਰੰਥ) **ਨਾਮੀ ਮਹਾਂ ਝੂਠ ਸਮੱਗਰੀ ਦਾ ਇੱਕ ਸ਼ਬਦ ਵੀ, ਗੁਰੂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਨਹੀਂ ਹੈ ਅਤੇ ਇਹੀ ਸੱਚ, ਸਵੈਮਾਣ ਨਾਲ ਸਿੱਖ ਕੌਮ ਦਾ ਸਿਰ ਉੱਚਾ ਕਰਦਾ ਹੈ।**

ਪਾਠਕ, ਇਸ ਟ੍ਰੈਕਟ ਦੇ ਪੰਨਾ ੨ ਉੱਤੇ, ਲੇਖਕਾਂ ਵਲੋਂ ਲਿਖੀ ਇਸ ਲਿਖਤ ਵੱਲ ਵੀ ਧਿਆਨ ਦੇਣ ਕਿ, ਦਸਮ ਗ੍ਰੰਥ ਸਾਹਿਬ ਜੀ ਦੀਆਂ ੩੨ ਪ੍ਰਾਚੀਨ ਬੀੜਾਂ ਦੇ ਭੇਦ ਅਤੇ ਪਦ ਛੇਦ ਲਗ, ਕੰਨੇ, ਮਾਤ੍ਰ ਦੀ ਸੁਧਾਈ ਕਰ ਕੇ ਬੀੜ ਤਿਆਰ ਕੀਤੀ। ਕਾਲ ਕਰਾਚੋਲੀ ਦੇ ਪੈਰੋਕਾਰੋ, ਇਹ ੩੨ ਬੀੜਾਂ ਕਿਸ ਨੇ ਲਿਖੀਆਂ ਅਤੇ ਕਦੋਂ ਹੋਂਦ ਵਿੱਚ ਆਈਆਂ ਸਨ ਅਤੇ ਇਨ੍ਹਾਂ ੩੨ ਪ੍ਰਾਚੀਨ ਬੀੜਾਂ ਦੀ ਸੋਧ ਕਰਨ ਵਾਲੇ ਕੌਣ ਸਨ ? ਤੁਹਾਡੀ ਝੂਠੀ ਮਨੌਤ ਅਨੁਸਾਰ, ਜੇ ਇਹ ਗ੍ਰੰਥ, ਭਾਈ ਮਨੀ ਸਿੰਘ ਜੀ ਨੇ ਤਿਆਰ ਕੀਤਾ ਸੀ, ਉਸਦਾ ਮੂਲ ਤਾਂ ਇੱਕ ਹੀ ਹੋਣਾ ਚਾਹੀਦਾ ਸੀ, ਫਿਰ ੩੨ ਬੀੜਾਂ ਕਿਵੇਂ ਬਣ ਗਈਆਂ ? ਸੁਹਿਰਦ ਸੋਚ ਵਾਲੇ ਗੁਰਮੁਖਾਂ ਨੂੰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ, ਜਦ ਇਹ ਬਿੱਪ੍ਰੀ ਪੁਰਾਣਾਂ ਦੀ ਸਮੱਗਰੀ ਸਿੱਖ ਕੌਮ ਦੇ ਵਿਹੜੇ ਵਿੱਚ (ਸੰਨ ੧੭੮੦ ਤੋਂ ਬਾਅਦ) ਸੁੱਟੀ ਗਈ ਸੀ, ਉਸ ਵੇਲੇ ਇਸਦਾ ਨਾਮ ਬਚਿੱਤ੍ਰ ਨਾਟਕ (ਅਜੀਬ, ਅਦਭੁੱਤ ਡਰਾਮਾ) ਸੀ। ਇਹ ਉਹ ਸਮਾਂ ਸੀ ਜਦ ਸਿੱਖ ਕੌਮ ਆਪਣੀ ਹੋਂਦ ਬਰਕਰਾਰ ਰੱਖਣ ਲਈ, ਘਰੋਂ ਬੇਘਰ ਹੋਈ, ਬੜੇ ਹੀ ਮੁਸੀਬਤਾਂ ਭਰੇ ਸਮੇਂ ਵਿੱਚੋਂ ਗੁਜ਼ਰ ਰਹੀ ਸੀ ਅਤੇ ਸਿੱਖ ਕੌਮ ਦੇ ਗੁਰ ਸਥਾਨ, ਉਦਾਸੀਆਂ, ਨਿਰਮਲਿਆਂ ਅਤੇ ਮਸੰਦਾਂ ਦੇ ਕਬਜ਼ੇ ਅਤੇ ਪਰਭਾਵ

ਹੇਠ ਆਏ ਹੋਏ ਸਨ। ਜਿਨ੍ਹਾਂ ਨੇ ਇਹ ਵੇਦਿਕ ਪੁਰਾਣਾਂ ਦੀਆਂ ਗਾਥਾਵਾਂ ਨੂੰ, ਸਿੱਖ ਕੌਮ ਦੇ ਸਿਰ ਮੜ੍ਹਨ ਵਿੱਚ ਪੂਰੀ ਭੂਮਿਕਾ ਨਿਭਾਈ ਅਤੇ ਅਗਲੇ ੯੦ ਕੁ ਸਾਲਾਂ ਵਿੱਚ, ਇਹ ਗੁਰਮਤਿ ਸਿਧਾਂਤਾਂ ਲਈ ਮਾਰੂ ਜ਼ਹਿਰ, ਛੂਤ ਦੀ ਬਿਮਾਰੀ ਵਾਂਗ ਸਿੱਖ ਕੌਮ ਵਿੱਚ ਫੈਲ ਗਿਆ। ਸੰਨ ੧੯੭੩ ਵਿੱਚ ਸਿੱਖ ਗੁਰਦੁਆਰਾ ਸੁਧਾਰ ਲਈ ਸਿੰਘ ਸਭਾ ਬਣੀ, ਜਿਸ ਨੇ ਸਿੱਖ ਕੌਮ ਵਿੱਚ ਫੈਲੇ ਬਿੱਪ੍ਰਵਾਦ ਦੇ ਖ਼ਾਤਮੇ ਲਈ ਬੜਾ ਸੰਘਰਸ਼ ਕੀਤਾ ਪਰ ਇਹ ਸਿੰਘ ਸਭਾਵਾਂ ਵੀ ਅਖੌਤੀ ਦਸਮ ਗ੍ਰੰਥ ਅਤੇ ਰਾਗਮਾਲਾ ਦਾ ਮੁੱਦਾ ਖ਼ਤਮ ਨਾ ਕਰ ਸਕੀਆਂ, ਕਿਉਂਕਿ ਆਮ (ਗੁਰਮਤਿ ਤੋਂ ਅਨਜਾਣ) ਸਿੱਖਾਂ ਵਿੱਚ, ਅਖੌਤੀ ਸੰਪ੍ਰਦਾਵਾਂ ਨੇ ਆਪਣੀ ਚੰਗੀ ਪੈਂਠ ਬਣਾ ਲਈ ਸੀ। ਇਨ੍ਹਾਂ ਭੇਖੀ ਸੰਪ੍ਰਦਾਵਾਂ ਨੇ, ਸਿੰਘ ਸਭਾਵਾਂ ਦੀ ਕੋਈ ਪੇਸ਼ ਹੀ ਨਹੀਂ ਜਾਣ ਦਿੱਤੀ ਅਤੇ ਅੱਜ ਵੀ ਇਹ ਗੁਰਮਤਿ ਵਿਰੋਧੀ ਸੰਪ੍ਰਦਾਵਾਂ ਹੀ ਸਿੱਖੀ ਉੱਤੇ ਭਾਰੂ ਹਨ। ਹੈਰਾਨੀ ਹੁੰਦੀ ਹੈ ਇਹ ਪੜ੍ਹ ਕੇ ਕਿ ਇਸ ਲਿਖਤ (ਬਚਿੱਤ੍ਰ ਨਾਟਕ) ਦਾ ਲਿਖਾਰੀ ਆਪ ਹੀ ਲਿਖਦਾ ਹੈ, **ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪/੫੪॥** (ਨਾਟਕ ਚੇਟਕ, ਭੁਲੇਖਾ ਪਾਊ ਬੁਰੇ ਕੰਮ ਕਰਦਿਆਂ ਭਗਤ ਜਨਾਂ ਨੂੰ ਲੱਜਿਆ ਆਉਂਦੀ ਹੈ) ਅਤੇ ਆਪ ਹੀ ਇਹ ਮਹਾਂਕਾਲ ਕਾਲਕਾ ਦਾ ਭਗਤ ਤਪੱਸਵੀ, ਇਸ ਗਾਥਾ ਦਾ ਨਾਮ ਬਚਿੱਤ੍ਰ ਨਾਟਕ ਲਿਖ ਰਿਹਾ ਹੈ। ਕਲਪਿਤ ਪਾਤਰਾਂ ਅਤੇ ਮਹਾਂ ਝੂਠ ਵਾਲੇ ਇਸ ਅਜੀਬ ਡਰਾਮੇ, ਦੀ ਸੁਧਾਈ ਕਰਨ ਵਾਲੇ ਸਨ, ਬਿੱਪ੍ਰ ਸੋਚ ਗਲ ਸਿੱਖੀ ਬਾਣੇ ਵਾਲੀ ਪੂਜਾਰੀ (ਪੂਜਾ ਦੇ ਧਾਨ, ਚੜ੍ਹਾਵੇ ਦੀ ਮਾਇਆ ਉੱਤੇ ਪਲਣ ਵਾਲਾ ਲੋਭੀ, ਵਿਹਲੜ ਵੱਗ ਸੰਪ੍ਰਦਾਈ) ਸ਼੍ਰੇਣੀ, ਉਦਾਸੀ ਮੱਤੀਏ ਅਤੇ ਇਨ੍ਹਾਂ ਦਾ ਸਾਥ ਦੇਣ ਵਾਲੇ ਸਨ, ਬਿੱਪ੍ਰ ਅਤੇ ਬ੍ਰਿਟਿਸ਼ ਸੋਚ ਦੀ ਪੈਦਾਇਸ਼, ਕਾਸ਼ੀ ਦੇ ਪੜ੍ਹੇ ਹੋਏ ਅਖੌਤੀ ਨਿਰਮਲੇ ਅਤੇ ਹੁਣ ਗੁਰ ਸਥਾਨਾਂ ਉੱਤੇ ਕਾਬਜ਼ ਮਾਇਆਧਾਰੀ ਸੋਚ ਵਾਲੇ ਪੂਜਾਰੀ ਤੇ ਪ੍ਰਬੰਧਕ, ਬਾਬਾਵਾਦੀ ਸੰਤ ਸਮਾਜ ਅਤੇ ਅਜੋਕੇ ਅਖੌਤੀ ਗੁਰੂ ਪੰਥ ਦੇ ਦਾਸ। ਜਿਨ੍ਹਾਂ, ਇਸ ਸਮੱਗਰੀ ਵਿੱਚੋਂ ਚੁਣ ਚੁਣ ਕੇ, ਫ਼ਰੇਬੀ (ਭੁਲੇਖਾ ਪਾਊ) ਪੰਗਤੀਆਂ ਕੱਢੀਆਂ ਅਤੇ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿੱਚ, ਕੀਰਤਨੀ ਸਥਾਨ ਉੱਤੇ ਲਿਆ ਸੁਸ਼ੋਭਿਤ ਕੀਤਾ। ਮਾਇਆ ਮੋਹੇ ਵਿਉਪਾਰੀ ਛਾਪਕਾਂ ਨੇ ਵੀ, ਇਸ ਝੂਠ ਸਮੱਗ੍ਰੀ ਨੂੰ ਸਿੱਖ ਕੌਮ ਵਿੱਚ ਵਰਤਾਉਣ ਲਈ ਪੂਰਾ ਅਯੋਗਦਾਨ ਪਾਇਆ। ਝੂਠ ਉੱਤੇ, ਫ਼ਰੇਬੀ ਸਚਾਈ ਦਾ ਕਿੰਨਾ ਭੀ ਲੇਪ ਚਾੜ੍ਹ ਲਿਆ ਜਾਵੇ, ਸਤਿਗੁਰੂ ਦੀ ਕਸਵੱਟੀ, ਝੂਠ ਦਾ ਪਾਜ ਉਘਾੜ ਹੀ ਦਿੰਦੀ ਹੈ। ਬਚਿੱਤ੍ਰ ਨਾਟਕ ਦੇ ਅਖੌਤੀ ਸੋਧਕਾਂ ਵਲੋਂ ਵੀ, ਬਚਿੱਤ੍ਰ ਨਾਟਕ ਨੂੰ ਦਸਮ ਗ੍ਰੰਥ (ਜੋ ਅਜੋਕੇ ਲੇਖਕਾਂ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਬਣਾ ਲਿਆ ਹੈ), ਦੁਰਗਾ ਨੂੰ ਭਗਉਤੀ, ਭਗਉਤੀ ਨੂੰ ਤਲਵਾਰ, ਕਾਲ ਨੂੰ ਅਕਾਲ, ਕਾਲ ਪੁਰਖ ਨੂੰ ਅਕਾਲਪੁਰਖ ਬਨਾਉਣ ਵਾਲੀ ਫ਼ਰੇਬੀ ਨੀਤੀ ਤਹਿਤ, ਇਸ ਸਮੱਗਰੀ ਦੀ ਹਰ ਛਾਪ ਵਿੱਚ ਸ਼ਬਦਾਂ ਦੀ ਅਦਲਾ- ਬਦਲੀ ਹੁੰਦੀ ਹੀ ਰਹਿੰਦੀ ਹੈ। ਇਹੀ ਗੁਰਮਤਿ ਵਿਰੋਧੀ ਲਾਬੀ (ਸੋਚ) ਹੈ, ਜਿਸ ਨੇ ਸਿੱਖ ਕੌਮ ਨੂੰ, ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਵਲੋਂ ਮੋੜਦਿਆਂ, ਕੁਰਾਹੀਂ ਪਾ ਕੇ ਅਨੇਕ ਸੰਪ੍ਰਦਾਈਂ ਵੰਡ ਦਿੱਤਾ ਹੈ। ਪੁਰਾਤਨ ਸਿੱਖਾਂ ਦੀ ਇੱਕ ਕਹਾਉਤ ਹੈ, ਧਰਮਸਾਲ ਦੀਆਂ ਰੋਟੀਆਂ ਤਿੰਨ ਕੰਮ ਕਰੇਨ। ਹੱਡ ਗਾਲਣ ਮੱਤ ਮਾਰਨ ਕੰਮ ਕਰਨ ਨਾ ਦੇਣ। ਧਰਮ ਸਾਲ, ਪੂਜਾ ਧਾਨ ਦੀ ਝਾਕ ਬਾਰੇ ਭਾਈ ਗੁਰਦਾਸ ਜੀ ਦੀ ਪੈਂਤੀਵੀਂ ਵਾਰ ਦੀਆਂ ੧੨ ਤੋਂ ੧੬ ਪੰਜ ਪਉੜੀਆਂ ਪੜ੍ਹ ਤੇ ਵਿਚਾਰ ਲਵੋ।

ਸਤਵਿੰਦਰਪਾਲ ਸਿੰਘ ਤੇ ਜਸਵਿੰਦਰ ਸਿੰਘ, ਜੋ ਆਪਣੇ ਆਪ ਨੂੰ, ਗੁਰੂ ਪੰਥ (**ਸਬਦੁ ਗੁਰੂ ਸੁਰਤਿ ਧੁਨਿ ਚੇਲਾ**, ਸਿਧਾਂਤ ਵਿਰੋਧੀ ਸ਼ਬਦਾਵਲੀ ਤੇ ਸੋਚ, ਇਸਨੂੰ ਅੱਗੇ ਜਾ ਕੇ ਸਪੱਸ਼ਟ ਕਰਾਂਗਾ) ਦੇ ਦਾਸ ਲਿਖਣ ਵਾਲੇ, ਕਿਤਾਬਚੇ ਦੇ ਤੀਜੇ ਪੰਨੇ ਉੱਤੇ ਲਿਖਦੇ ਹਨ ਕਿ ਜਿਹੜੇ ਲੋਕ ਦਸਮ-ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਦਸਮੇਸ਼-ਕ੍ਰਿਤ ਨਹੀਂ ਮੰਨਦੇ, ਉਹ ਸਿੱਖ ਹੋਣ ਤੋਂ ਇਨਕਾਰੀ ਹਨ। ਦਸਮ ਗ੍ਰੰਥ ਉੱਤੇ ਹਮਲਾ, ਗੁਰੂ ਗ੍ਰੰਥ ਸਾਹਿਬ ਉੱਤੇ ਹਮਲਾ ਹੈ। ਵਾਰ ਸ੍ਰੀ ਭਗੌਤੀ ਜੀ ਕੀ, ਪਹਿਲੀ ਪਉੜੀ ਹੀ, ਪ੍ਰਚੱਲਤ ਅਰਦਾਸ ਦਾ ਮੂਲ ਹੈ। ਚਰਿਤ੍ਰੋ ਪਖਯਾਨ ਦੇ ੪੦੫ ਚਰਿੱਤ੍ਰ ਵਿੱਚ, ਕਬਯੋ ਬਾਚ ਬੇਨਤੀ ਚੌਪਈ ਹੈ ਜੋ ਅੰਮ੍ਰਿਤ ਸੰਚਾਰ ਤੇ ਨਿੱਤਨੇਮ ਵਿੱਚ, ੩੦੦ ਸਾਲ ਤੋਂ ਚਲੀ ਆਉਂਦੀ (ਗੁਰੂ ਪੰਥ ਦੇ ਦਾਸੋ, ਨਾ ਝੂਠ ਬੋਲੋ ਤੇ ਨਾ ਝੂਠ ਲਿਖੋ, ਤੱਥਾਂ ਦੁਆਰਾ ਸਿੱਧ ਕਰੋ ਕਿ ਇਹ ਸੱਚ) ਹੈ। ਜਿਹੜੇ ਵਿਦਵਾਨ ਦਸਮ ਗ੍ਰੰਥ ਨੂੰ ਨਹੀਂ ਮੰਨਦੇ, ਉਹ ਨਾ ਅੰਮ੍ਰਿਤ ਸੰਸਕਾਰ ਅਤੇ ਨਾ ਅਰਦਾਸ ਨੂੰ ਮੰਨਦੇ ਹਨ।

ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੯੦੪/੧੧॥ ਕਰਾਚੋਲੀ ਦੇ ਸ਼ਰਧਾਵਾਨੋਂ, ਇਹ ਹੈ ਆਪੇ ਚੋਰ ਤੇ ਆਪੇ ਜੱਜ ਜਾਂ ਉਲਟਾ ਚੋਰ ਕੋਤਵਾਲ ਨੂੰ ਡਾਂਟੇ ਵਾਲੀ ਮੱਕਾਰੀ ਟਿੱਪਣੀ। ਜਦ ਕਿ ਗੁਰ ਉਪਦੇਸ਼ (**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ**) ਅਨੁਸਾਰ ਕਹਿਣਾ ਇਹ ਬਣਦਾ ਹੈ ਕਿ ਜੋ ਲੋਕ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਪੈਦਾ ਕਰੀ ਬੈਠੇ ਹਨ, ਉਹ ਸਿੱਖ ਕਿਵੇਂ ਹੋ ਸਕਦੇ ਹਨ ? ਸਿੱਖ ਧਰਮ (ਸਿੱਖ ਕੌਮ) ਲਈ ਇੱਕ ਬਹੁਤ ਹੀ ਮਾਣ ਵਾਲੀ ਗੱਲ ਇਹ ਸੀ ਕਿ, ਸੰਸਾਰ ਦੇ ਸਮੂਹ ਧਰਮ ਗ੍ਰੰਥਾਂ ਵਿੱਚੋਂ, ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਹੀ ਇੱਕ ਐਸਾ ਗ੍ਰੰਥ ਹੈ ਜੋ, ਸਿੱਖ ਧਰਮ ਦੇ ਬਾਨੀ (ਗਿਆਨ ਗੁਰ ਜੋਤਿ) ਨੇ, ਆਪ ਆਪਣੀ ਨਿਗਰਾਨੀ ਵਿੱਚ ਸੰਪੂਰਨ ਕਰਵਾ ਕੇ ਸਿੱਖ ਕੌਮ ਨੂੰ ਦਿੱਤਾ। ਦੁਨੀਆਂ ਦੇ ਹੋਰ ਕਿਸੇ ਵੀ ਧਰਮ ਗ੍ਰੰਥ ਨੂੰ ਇਹ ਮਾਣ ਪ੍ਰਾਪਤ ਨਹੀਂ ਹੈ। ਸਮੂਹ ਧਰਮਾਂ ਦੀ (ਕਲਪਿਤ ਗਾਥਾਵੀ, ਖ਼ਾਸ ਕਰਕੇ ਭਾਰਤ ਦੀ ਸਨਾਤਨੀ ਸੋਚ) ਗਿਆਨ ਵਿਰੋਧੀ ਲਾਬੀ ਨੂੰ ਇਹ ਸਚਾਈ ਹਜ਼ਮ ਨਹੀਂ ਸੀ ਹੋ ਰਹੀ। ਉਨ੍ਹਾਂ ਆਪਣੀ ਬਿੱਪ੍ਰ ਬੁੱਧੀ ਦੇ ਗਲ ਸਿੱਖੀ ਪਹਿਰਾਵਾ (ਲੂੰਬੜ ਉੱਤੇ ਸ਼ੇਰ ਦੀ ਖੱਲ) ਪਵਾ ਕੇ, ਇੱਕ ਐਸਾ ਫ਼ਿਰਕਾ ਪੈਦਾ ਕੀਤਾ, ਜੋ ਪੁਰਾਤਨ ਸਿੰਘਾਂ ਦੇ ਨਾਮ ਹੇਠ ਊਲ ਜਲੂਲ ਲਿਖ ਕੇ, ਨਿਰੋਲ ਝੂਠ ਨੂੰ ਸੱਚ ਬਨਾਉਣ ਲਈ ਪੂਰਾ ਤਾਣ ਲਾਈ ਜਾ ਰਿਹਾ। ਇਸੇ ਫ਼ਿਰਕੇ ਦੀ ਪੈਦਾਇਸ਼ ਹੈ ਬਚਿੱਤ੍ਰ ਨਾਟਕੀ ਅਖੌਤੀ ਦਸਮ ਗ੍ਰੰਥ। ਇਨ੍ਹਾਂ ਗੁਰੂ ਪੰਥ ਦੇ ਦਾਸਾਂ ਦੀਆਂ ਅੱਖਾਂ ਉੱਤੇ, ਕਾਲ, ਮਹਾਂਕਾਲ, ਕਰਾਚੋਲੀ, ਨਮੋ ਕਾਲਿਕਾ ਕਾਲ ਰੂਪੀ ਕ੍ਰਿਪਾਨੀ ਦੀ ਐਸੀ ਐਨਕ ਲੱਗੀ ਹੋਈ ਹੈ ਕਿ ਇਨ੍ਹਾਂ ਨੂੰ, ਸਿਰਫ਼ ਤੇ ਸਿਰਫ਼ ਗੁਰੂ ਗ੍ਰੰਥ ਸਾਹਿਬ (ਸਿੱਖ ਸਤਿਗੁਰਾਂ ਨੇ ਸਿੱਖ ਕੌਮ ਨੂੰ ਜਿਸਦੇ ਲੜ ਲਾਇਆ) ਨੂੰ ਗੁਰੂ ਮੰਨਣ (**ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ** ॥੭੫੯॥) ਵਾਲੇ, ਸਿੱਖ ਹੋਣ ਤੋਂ ਇਨਕਾਰੀ ਦਿਖਾਈ ਦਿੰਦੇ ਹਨ ਅਤੇ ਬਿੱਪ੍ਰਵਾਦੀ ਤੇ ਅਸ਼ਲੀਲ ਲਿਖਤਾਂ ਨੂੰ ਮੰਨਣ ਅਤੇ ਮੱਲੋਜ਼ੋਰੀਂ ਸਿੱਖ ਕੌਮ ਦੇ ਗਲ ਪਾਉਣ ਵਾਲੇ (ਵਿਸ਼ਨੂੰ, ਕਾਲ, ਮਹਾਂਕਾਲ, ਭਗਉਤੀ, ਕਾਲਕਾ ਆਦਿ) ਭਗਉਤੀ ਭਗਤ ਹੀ ਸੁਹਿਰਦ ਸਿੱਖ ਦਿਖਾਈ ਦਿੰਦੇ ਹਨ। ਅੰਮ੍ਰਿਤ ਸੰਸਕਾਰ ਬਾਣੀਆਂ ਬਾਰੇ ਦਸਮ ਗ੍ਰੰਥ ਚਹੇਤੇ ਰਤਨ ਸਿੰਘ ਜੱਗੀ ਦੀ ਲਿਖਤ ਦਾ ਪ੍ਰਮਾਣ ਪਿੱਛੇ ਦੇ ਦਿੱਤਾ ਹੈ। ਇਹ ਵੀ ਅਟੱਲ ਸੱਚ ਹੈ ਕਿ, ਦਸਵੇਂ ਪਾਤਿਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਸੱਤ ਦਹਾਕੇ ਬਾਅਦ (੧੭੮੦ ਈਸਵੀ ਤੱਕ) ਵੀ, ਦਸਮ ਗ੍ਰੰਥ ਦੀ ਹੋਂਦ ਦਾ ਕੋਈ ਪ੍ਰਮਾਣ ਨਹੀਂ ਮਿਲਦਾ

ਪਰ ਨਿਗੁਰੀ ਅਤੇ ਨਿਖਸਮੀ ਲਿਖਤ, ਅਖੌਤੀ ਦਸਮ ਗ੍ਰੰਥ ਦੇ ਹਮਾਇਤੀ, ਬਿਨ ਕੋਈ ਠੋਸ ਤੱਥ ਪੇਸ਼ ਕੀਤੇ, ਝੂਠ ਬੋਲਣ, ਝੂਠ ਲਿਖਣ ਤੇ ਝੂਠ ਪਰਚਾਰਨ ਵੇਲੇ ਕੋਈ ਝਿਜਕ ਜਾਂ ਸ਼ਰਮ ਮਹਿਸੂਸ ਹੀ ਨਹੀਂ ਕਰਦੇ। ਇਸ ਨੂੰ ਕਹਿੰਦੇ ਹਨ ਢੀਠਤਾਈ ਜਾਂ ਅਕ੍ਰਿਤਘਣਤਾ ਦੀਆਂ ਸਮੂਹ ਹੱਦਾਂ ਪਾਰ ਕਰਨਾ।

ਇਸੇ ਦੂਜੇ ਪੰਨੇ ਉੱਤੇ ਹੀ ਆਪਣੀ ਵਿਦਵਤਾ ਦਾ ਇਜ਼ਹਾਰ ਕਰਦੇ ਹੋਏ ਲਿਖਦੇ ਹਨ ਕਿ, ਦਸਮ ਗ੍ਰੰਥ ਦੀ ਬਾਣੀ ਤੋਂ ਬਗ਼ੈਰ ਪੰਥ ਦੀ ਕੀ ਹਾਲਤ ਹੋ ਸਕਦੀ ਹੈ।

ਮਹਾਂ ਵਿਦਵਾਨ ਜੀਓ, ਗੁਰੂ ਨਾਨਕ ਜੀ ਤੋਂ ਗੁਰ ਜੋਤਿ ਤੇਗ਼ ਬਹਾਦਰ ਜੀ ਤੱਕ, ਸਿੱਖਾਂ ਦੇ ਗੁਰੂਬਾਣੀ ਸਤਿਕਾਰ ਅਤੇ ਜੀਵਨ ਕਿਰਦਾਰ ਦੇ ਪ੍ਰਮਾਣ ਤਾਂ ਗ਼ੈਰ-ਸਿੱਖਾਂ ਦੀਆਂ ਲਿਖਤਾਂ ਵਿੱਚੋਂ ਵੀ ਦੇਖੇ ਜਾ ਸਕਦੇ ਹਨ। ਉਸ ਵੇਲੇ ਤਾਂ ਉਨ੍ਹਾਂ ਕੋਲ ਇਹ ਪੌਰਾਣਿਕ ਗਾਥਾਵੀ ਦਸਮ ਗ੍ਰੰਥ ਨਹੀਂ ਸੀ। ਕੀ ਉਨ੍ਹਾਂ ਸਿੱਖਾਂ ਦੇ ਗਿਆਨ ਅਤੇ ਸੂਰਬੀਰਤਾਈ ਕਿਰਦਾਰ ਬਾਰੇ ਕਿਸੇ ਵੀ ਲਿਖਤ ਵਿੱਚੋਂ ਕੋਈ ਰਹੀ ਊਣਤਾਈ ਨਜ਼ਰ ਆਉਂਦੀ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਗਿਆਨ ਦੇ ਵਾਧੇ ਵਾਲੀਆਂ ਬਿੱਪ੍ਰਵਾਦੀ ਤੇ ਅਸ਼ਲੀਲ (ਕੋਕ ਸ਼ਾਸਤਰੀ) ਲਿਖਤਾਂ ਲਿਖਣੀਆਂ ਪਈਆਂ ? ਜਿਸ ਗੁਰੂ ਪਿਆਰੇ ਭਾਈ ਮਨੀ ਸਿੰਘ ਦੇ ਨਾਮ ਨਾਲ ਇਸ ਬਚਿੱਤ੍ਰ ਨਾਟਕ ਨਾਮੀ ਗ੍ਰੰਥ ਨੂੰ ਜੋੜਿਆ ਜਾ ਰਿਹਾ ਹੈ, ਉਨ੍ਹਾਂ ਦੀ ਸ਼ਹਾਦਤ ਤਾਂ ੧੭੩੪ (ਦਸਮ ਪਾਤਿਸ਼ਾਹ ਤੋਂ ੨੬ ਸਾਲ ਬਾਦ) ਵਿੱਚ ਹੋ ਗਈ ਸੀ ਪਰ ਇਹ ਅਖੌਤੀ ਬਚਿੱਤ੍ਰ ਨਾਟਕੀ ਗ੍ਰੰਥ ਦੀ ਤਾਂ, ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਤਕਰੀਬਨ ੫੦ ਸਾਲ ਬਾਅਦ ਵੀ ਕੋਈ ਹੋਂਦ ਨਹੀਂ ਸੀ। ਬਿੱਪ੍ਰ ਬੁੱਧੀ ਗਲ ਸਿੱਖੀ ਬਾਣੇ ਵਾਲਾ ਪਹਿਲਾ ਲਿਖਾਰੀ ਹੈ ਕੇਸਰ ਸਿੰਹੁ ਛਿਬਰ, ਜੋ ਗੁਰਮਤਿ ਮਾਰੂ ਜ਼ਹਿਰੀ ਸੋਚ ਉੱਤੇ, ਸਿੱਖੀ ਬਾਣੇ ਵਾਲੀ ਸੂਰਤ ਤੇ ਸੀਰਤ ਦਾ ਲੇਪਨ ਕਰ ਕੇ ਸਿੱਖ ਕੌਮ ਵਿੱਚ, ਅਨਮੱਤ ਵਰਤਾ ਗਏ। ਇਸ ਨੇ ਬਚਿੱਤ੍ਰ ਨਾਟਕੀ ਲਿਖਤਾਂ ਨੂੰ ਦਸਮੇਸ਼ ਲਿਖਤ ਕਹਿਣ (ਲਿਖਣ) ਦੀ ਸ਼ੁਰੂਆਤ ਕੀਤੀ ਅਤੇ ਬਿੱਪ੍ਰਵਾਦੀ (ਗੁਰਮਤਿ ਵਿਰੋਧੀ) ਸੋਚ ਨੇ ਇਸ ਨੂੰ ਪ੍ਰਚਾਰਨ ਲਈ ਹਰ ਤਰ੍ਹਾਂ ਦੀ (ਮਾਇਕੀ ਅਤੇ ਤਾਕਤੀ) ਮਦਦ ਦਿੱਤੀ ਅਤੇ ਅੱਜ ਵੀ ਦਿੱਤੀ ਜਾ ਰਹੀ ਹੈ। ਬਿੱਪ੍ਰ ਦੀ ਯੂਨੀਵਰਸਿਟੀ ਕਾਸ਼ੀ ਦੇ ਪੜ੍ਹੇ ਸੰਪ੍ਰਦਾਈਆਂ (ਬਿੱਪ੍ਰ ਬੁੱਧੀ ਗਲ ਸਿੱਖੀ ਬਾਣੇ ਵਾਲੇ ਅਖੌਤੀ ਸਿੱਖਾਂ) ਪੰਡਤ ਨਰੈਣ ਸਿੰਘ, ਸਮੂਹ ਸੰਤ ਸਮਾਜ, ਟਕਸਾਲਾਂ ਅਤੇ ਇਨ੍ਹਾਂ ਬਾਬਾਵਾਦੀਆਂ ਦੇ ਖੋਸਾ ਜੀ ਵਰਗੇ ਪੈਰੋਕਾਰਾਂ ਦੀ ਮੱਕਾਰੀ ਨੀਤੀ ਤਹਿਤ ਹੀ, ਪੌਰਾਣਿਕ ਗਾਥਾਵੀ ਗ੍ਰੰਥ ਦੀਆਂ ਤਿੰਨ ਰਚਨਾਵਾਂ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉੱਤੇ ਭਾਰੂ ਹੋ ਕੇ ਨਿੱਤਨੇਮ ਦਾ ਹਿੱਸਾ ਬਣੀਆਂ।

ਅੱਗੇ ਇਸ ਟ੍ਰੈਕਟ ਦੇ ਤੀਜੇ ਪੰਨੇ ਉੱਤੇ ਇਹ ਗੁਰੂ ਪੰਥ ਦੇ ਦਾਸ (ਜੋ ਗੁਰੂ ਗ੍ਰੰਥ ਸਾਹਿਬ ਦੇ ਦਾਸ ਨਹੀਂ ਬਣ ਸਕੇ) ਲਿਖਦੇ ਹਨ ਕਿ, ਦਸਮੇਸ਼ ਜੀ ਦਾ ਫ਼ੁਰਮਾਨ ਹੈ : **ਤੈਂ ਹੀ ਦੁਰਗਾ ਸਾਜਕੇ ਦੈਂਤਾਂ ਦਾ ਨਾਸ਼ ਕਰਾਇਆ॥ ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਰਾਵਣੁ ਘਾਇਆ॥ ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸ ਕੇਸੀਂ ਪਕੜਿ ਗਿਰਾਇਆ॥ ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨ ਤਾਇਆ॥ ਕਿਨੈ ਤੇਰਾ ਅੰਤੁ ਨ ਪਾਇਆ॥** (ਵਾਰ ਦੁਰਗਾ ਕੀ) ਇਨ੍ਹਾਂ ਲਿਖੀਆਂ ਸਤਰਾਂ ਨੂੰ, ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਕਹਿਣ ਵਾਲੇ, ਭਗਉਤੀ ਦੀ ਵਾਰ ਵਿੱਚੋਂ, ਦੂਸਰੀ ਪਉੜੀ ਦੀਆਂ ਨੌਂ ਸਤਰਾਂ ਵਿੱਚੋਂ, ਪਹਿਲੀਆਂ ਚਾਰ ਸਤਰਾਂ ਛੱਡ ਕੇ, ਅਗਲੀਆਂ ਪੰਜ ਸਤਰਾਂ ਲਿਖਦੇ ਹਨ। ਇਹ ਗੁਰੂ

ਪੰਥ ਦੇ ਦਾਸ ਆਪਣੀ ਵਿਦਵਤਾ ਦੀ ਗਵਾਹੀ ਦਾ ਪ੍ਰਮਾਣ ਦੇਣ ਵਾਲੀ ਲਿਖਤ ਲਿਖਣ ਦਾ ਕਿੰਨਾ ਕੁ ਧਿਆਨ ਰੱਖਦੇ ਹਨ, ਇਸ ਦਾ ਅੰਦਾਜ਼ਾ ਇਨ੍ਹਾਂ ਪੰਜ ਪੰਗਤੀਆਂ ਵਿੱਚ ਕੀਤੀਆਂ ਦਸ ਗ਼ਲਤੀਆਂ ਤੋਂ ਹੀ ਲਾਇਆ ਜਾ ਸਕਦਾ ਹੈ। ਅੱਗੇ ਆਪ ਹੀ ਲਿਖਦੇ ਹਨ, ਵਾਰ ਦੁਰਗਾ ਕੀ। ਇਹ ਲਿਖ ਕੇ ਇਨ੍ਹਾਂ ਲੇਖਕਾਂ ਨੇ ਆਪ ਹੀ ਮੰਨ ਲਿਆ ਹੈ ਕਿ ਵਾਰ ਸ੍ਰੀ ਭਗਉਤੀ ਜੀ ਕੀ, ਦੁਰਗਾ ਦੇਵੀ ਦੀ ਹੀ ਵਾਰ ਹੈ। ਇਹ ਭਗਉਤੀ, ਖੜਗ, ਕਿਰਪਾਨ ਜਾਂ ਤਲਵਾਰ ਨਹੀਂ ਹੈ। ਭਗਉਤੀ ਜੀ ਸਹਾਇ ਵਾਲੀ ਪੰਗਤੀ ਵਿੱਚ ਸਹਾਇ ਹੋਣ ਲਈ ਦੁਰਗਾ ਦੇਵੀ ਨੂੰ ਹੀ ਕਿਹਾ ਗਿਆ ਹੈ ਅਤੇ ਪ੍ਰਿਥਮ ਭਗਉਤੀ ਸਿਮਰਿਕੈ ਵੀ ਪਹਿਲੇ ਦੁਰਗਾ ਦੇਵੀ ਨੂੰ ਹੀ ਸਿਮਰਿਆ ਗਿਆ ਹੈ। ਭਗਉਤੀ ਨੂੰ ਇਹ ਸ਼ਾਤਰ ਸੋਚ ਵਾਲੇ ਭਗਉਤੀ ਭਗਤ, ਉਸੇ ਤਰ੍ਹਾਂ ਤਲਵਾਰ, ਖੜਗ, ਕ੍ਰਿਪਾਨ ਬਣਾ ਲੈਂਦੇ ਹਨ ਜਿਵੇਂ ਪੰਜ ਕਕਾਰਾਂ ਵਿੱਚ ਸ਼ਾਮਲ ਕਿਰਪਾਨ ਨੂੰ, ਇਹ ਸ੍ਰੀ ਸਾਹਿਬ ਬਣਾ ਕੇ ਸਿੱਖਾਂ ਨੂੰ ਮੂਰਖ ਬਣਾਈ ਜਾ ਰਹੇ ਹਨ ਅਤੇ ਸੰਪ੍ਰਦਾਈ ਸਿੱਖ ਵੀ ਇਹ ਨਹੀਂ ਸੋਚਦੇ ਕਿ ਸ੍ਰੀ ਦਾ ਸੱਸਾ, ਕਕਾਰੀ ਕੱਕਾ ਕਿਵੇਂ ਬਣ ਸਕਦਾ ਹੈ।

ਉੱਪਰ ਦਿੱਤੀਆਂ ਪੰਜ ਸਤਰਾਂ ਦੀਆਂ ਦਸ ਗ਼ਲਤੀਆਂ ਦੇਖਣ ਲਈ, ਪੇਸ਼ ਹੈ ਸੰਨ ੨੦੦੪ ਵਾਲੀ ਛਾਪ (ਦਸਮ ਗ੍ਰੰਥ) ਦੀ ਲਿਖਤ :

ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰੁ ਉਪਾਇਆ॥
ਬ੍ਰਹਮਾ ਬਿਸ਼ਨ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥
ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ॥
ਸਿਰਜੇ ਦਾਨੋ ਦੇਵਤੇ ਤਿਨੇ ਅੰਦਰਿ ਬਾਦੁ ਰਚਾਇਆ॥
ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ॥
ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥
ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥
ਕਿਨੀ ਤੇਰਾ ਅੰਤੁ ਨ ਪਾਇਆ॥੨/੧੧੯॥

ਇਨ੍ਹਾਂ ਮਹਾਂ ਵਿਦਵਾਨ ਲੇਖਕਾਂ ਨੇ ਉਪਰ ਲਿਖੀ ਪਉੜੀ ਨੂੰ, ਦਸਮੇਸ਼ ਜੀ ਦਾ ਫ਼ੁਰਮਾਨ ਲਿਖ ਕੇ, ਆਪਣੀ ਅਤੇ ਆਪਣੇ ਆਕਾ, ਘੋਸਾ ਜੀ ਦੀ ਵਿਦਵਤਾ ਤਾਂ ਜਗ ਜ਼ਾਹਰ ਕਰ ਹੀ ਦਿੱਤੀ ਹੈ। ਫਿਰ ਵੀ ਇਨ੍ਹਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ, ਕਿਸ ਆਧਾਰ (ਪ੍ਰਮਾਣ) 'ਤੇ ਇਹ ਸਿੱਧ ਕਰ ਸਕਦੇ ਹਨ ਕਿ ਇਹ ਦਸਮੇਸ਼ ਦਾ ਫ਼ੁਰਮਾਨ ਹੈ ਅਤੇ ਇਹ ਕਲਪਿਤ ਦੁਰਗਾ, ਬ੍ਰਹਮਾ, ਬਿਸ਼ਨ, ਮਹੇਸ਼ ਕਿਸ ਨੇ ਸਾਜੇ ? ਸੋ ਇਨ੍ਹਾਂ ਨੂੰ ਸਮਝਾਉਣ ਲਈ ਪੇਸ਼ ਹੈ ਬ੍ਰਹਮਾ, ਬਿਸ਼ਨ, ਮਹੇਸ਼ ਉਤਪਤੀ ਦੀ ਪੌਰਾਣਿਕ ਗਾਥਾ : ਵੈਦਿਕ ਵਿਚਾਰਧਾਰਾ ਜਾਂ ਬਿੱਪ੍ਰ (ਸਨਾਤਨੀ ਪੌਰਾਣਿਕ) ਰਚਨਾਵਾਂ ਅਨੁਸਾਰ, ਜੀਵ ਜਨ ਦੀ ਪੈਦਾਇਸ਼, **ਆਦਿ ਸ਼ਕਤੀ ਜਾਂ ਮਾਇਆ ਰੂਪ ਪ੍ਰਕ੍ਰਿਤੀ, ਸ੍ਰੀ** ਅਤੇ **ਤਮੋਗੁਣੀ ਮਹੇਸ਼** ਤੋਂ ਹੋਈ ਦੀ ਗਾਥਾ ਜੋ ਟੈਲੀਵੀਜ਼ਨ ਉੱਤੇ ਚੱਲਦੇ ਸੀਰੀਅਲ ਵਿੱਚ ਵੀ ਦਿਖਾਈ ਜਾਂਦੀ ਹੈ, ਜਿਸਦਾ ਨਾਮ ਹੈ, **ਸ੍ਰੀ** (ਪ੍ਰਕ੍ਰਿਤੀ, ਮਾਇਆ, ਆਦਿ ਸ਼ਕਤੀ, ਜਿਸ ਦਾ ਅਵਤਾਰੀ ਰੂਪ ਲਛਮੀ, ਦੁਰਗਾ, ਭਾਗਵਤੀ, ਭਗਉਤੀ ਅਤੇ ਹੋਰ ਅਨੇਕ ਨਾਮੀ ਸਮੂਹ ਦੇਵੀਆਂ ਹਨ)। **ਕੈਲਾਸ਼ ਪਰਬਤ** ਉੱਤੇ, ਸ਼ਿਵ ਪਤਨੀ ਰੂਪ ਪਾਰਵਤੀ (ਸ਼ਿਵਾ), ਸ਼ਿਵ (ਮਹੇਸ਼, ਮਹਾਂਕਾਲ, ਵਿਨਾਸ਼ਕਾਰੀ ਦੇਵਤਾ) ਦੀ ਗ਼ੈਰ ਹਾਜ਼ਰੀ ਅਤੇ

ਸ਼ਿਵ ਗਣਾਂ (ਸ਼ਿਵ ਸਹਾਇਕਾ) ਦੀ ਹਾਜ਼ਰੀ ਵਿੱਚ, ਸ਼ਿਵ ਦੇ ਆਸਣ-ਸਥਾਨ ਦੀ ਪੂਜਾ ਤੇ ਪਰਿਕਰਮਾਂ ਕਰਦੀ ਹੈ। ਤਦੋਂ ਬ੍ਰਹਮਾ ਪੁੱਤਰ ਨਾਰਦ ਜੀ ਆ ਹਾਜ਼ਰ ਹੋਏ ਤੇ ਪਾਰਵਤੀ ਨੂੰ ਕਿਹਾ—ਸ਼ਿਵ ਤਾਂ ਇੱਥੇ ਹੈ ਨਹੀਂ ਫਿਰ ਪੂਜਾ ਕਿਸ ਦੀ ਕਰਦੇ ਹੋ ? ਪਾਰਵਤੀ ਉੱਤਰ ਦਿੰਦੀ ਹੈ ਕਿ ਸ਼ਿਵ ਤਾਂ ਸ੍ਰਿਸ਼ਟੀ ਦੇ ਕਣ ਕਣ ਵਿੱਚ ਰਮ ਰਹੇ ਹਨ, ਉਨ੍ਹਾਂ ਦੀ ਪੂਜਾ ਕਿਸੇ ਵੇਲੇ ਤੇ ਕਿਤੇ ਵੀ ਕੀਤੀ ਜਾ ਸਕਦੀ ਹੈ। ਨਾਰਦ ਜੀ ਬੋਲੇ—ਆਪ ਜੀ ਦਾ ਸ਼ਿਵ ਪ੍ਰਤੀ ਅਥਾਹ ਪਿਆਰ ਹੈ, ਕੀ ਸ਼ਿਵ ਵੀ ਆਪ ਜੀ ਨਾਲ ਏਨਾ ਹੀ ਪਿਆਰ ਕਰਦੇ ਹਨ ? ਪਾਰਵਤੀ ਬੋਲੀ—ਮੇਰਾ ਤੇ ਸ਼ਿਵ ਦਾ ਪਿਆਰ ਭੇਦ ਰਹਿਤ (ਅਭੇਦ) ਹੈ। ਹਰ ਬਖੇੜੇ ਦੀ ਜੜ੍ਹ ਨਾਰਦ ਮੁਨੀ ਜੀ ਬੋਲੇ— ਫਿਰ ਤਾਂ ਸ਼ਿਵ ਨੇ ਆਪ ਜੀ ਨੂੰ ਸ੍ਰਿਸ਼ਟੀ ਰਚਨਾ ਬਾਰੇ ਜ਼ਰੂਰ ਦੱਸਿਆ ਹੋਵੇਗਾ। ਇਹ ਸੁਣ, ਪਾਰਵਤੀ ਚੁੱਪ ਹੋ ਗਈ ਤੇ ਸ਼ਿਵ ਦੇ ਆਇਆਂ ਨਰਾਜ਼ਗੀ ਜ਼ਾਹਰ ਕਰਦੀ ਹੋਈ ਬੋਲੀ—ਮੈਨੂੰ ਸ੍ਰਿਸ਼ਟੀ ਰਚਨਾ ਦੀ ਕਹਾਣੀ ਸੁਣਾਓ। ਇਹ ਸੁਣ ਕੇ ਸ਼ਿਵ ਜੀ ਬੋਲੇ—ਅੱਜ ਜ਼ਰੂਰ ਨਾਰਦ ਮੁਨੀ ਜੀ ਆਏ ਹੋਣਗੇ। ਸ਼ਿਵ ਨੇ ਕਿਹਾ—ਸ੍ਰਿਸ਼ਟੀ ਰਚਨ ਗਾਥਾ ਕਿਸੇ ਨੂੰ ਸੁਣਾਈ ਨਹੀਂ ਜਾ ਸਕਦੀ। ਨਾਰੀ (ਪਾਰਵਤੀ ਦੀ) ਜ਼ਿੱਦ ਦੇਖ ਸ਼ਿਵ ਪਾਰਵਤੀ ਨੂੰ ਇਕਾਂਤ ਜੰਗਲ ਵਿੱਚ ਲੈ ਗਏ ਤੇ ਆਪਣਾ ਡੌਰੂ ਵਜਾਉਣਾ ਸ਼ੁਰੂ ਕਰ ਦਿੱਤਾ। ਪਾਰਵਤੀ ਨੇ ਕਿਹਾ—ਡੌਰੂ ਕਿਉਂ ਵਜਾਉਂਦੇ ਹੋ ਤਾਂ ਸ਼ਿਵ ਨੇ ਕਿਹਾ—ਸ੍ਰਿਸ਼ਟੀ ਰਚਨਾ ਦੀ ਕਥਾ ਬਹੁਤ ਗੁਪਨੀਆਂ ਹੈ। ਇਸ ਕਰਕੇ ਇਹ ਕਿਸੇ ਦੇ ਸੌਂਹੇਂ ਨਹੀਂ ਸੁਣਾਈ ਜਾ ਸਕਦੀ। ਜਿਸ ਸਮੇਂ ਦੀ ਇਹ ਕਥਾ ਹੈ ਉਸ ਵੇਲੇ ਤਾਂ ਸਮੇਂ ਦਾ ਵੀ ਜਨਮ ਨਹੀਂ ਸੀ ਹੋਇਆ। ਸੋ ਡੌਰੂ ਦੀ ਆਵਾਜ਼ ਨਾਲ ਸਭ ਪੰਛੀ ਪਰਿੰਦੇ ਇੱਥੋਂ ਤੱਕ ਕਿ ਸੂਰਜ ਚੰਦ ਤਾਰੇ ਵੀ ਅਲੋਪ ਹੋ ਗਏ। ਸ਼ਿਵ ਨੇ ਕਥਾ ਸ਼ੁਰੂ ਕੀਤੀ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸਭ ਪਾਸੇ ਧੁੰਧਕਾਰ ਅਤੇ ਜਲ ਹੀ ਜਲ ਸੀ। ਉਸ ਜਲ ਵਿੱਚ ਇੱਕ ਮਾਦਾ ਰੂਪ (ਆਦਿ ਸ਼ਕਤੀ, ਇੱਥੇ ਪਾਠਕਾਂ ਨੂੰ ਧਿਆਨ ਰਹੇ ਕਿ ਸਨਾਤਨੀ ਗ੍ਰੰਥਾਂ ਦੀ ਆਦਿ ਸ਼ਕਤੀ ਮਾਦਾ, ਨਾਰੀ ਰੂਪ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਾਲਾ **ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥** ਵਾਲਾ ਕਰਤਾ ਪੁਰਖੁ ਰੂਪ ਹੈ, ਨਾਰੀ ਰੂਪ ਨਹੀਂ। **ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ** ॥੫੯੧/੧੯॥) ਮਾਇਆ, ਅਨੰਤ ਕਾਲ ਤੱਕ ਵਿਚਰਦਾ ਰਿਹਾ। ਵਿਚਰਦਿਆਂ ਉਸ ਮਾਦੇ ਨੇ ਇੱਕ ਉੱਚਾ ਧੋੜਾ (ਜਲ ਵਿੱਚ ਇੱਕ ਧਰਤੀ ਜਿਹਾ ਟਿੱਬਾ) ਦੇਖਿਆ। ਤਦ ਉਸ ਮਾਦੇ ਦੇ ਅੰਦਰ, ਇਸ ਸੰਸਾਰੀ ਸੁੰਨ ਨੂੰ ਖ਼ਤਮ ਕਰਨ ਲਈ, ਸ੍ਰਿਸ਼ਟੀ ਜੀਵ ਜਨ ਰਚਨਾ ਦੀ ਚਾਹ ਪੈਦਾ ਹੋਈ। ਉਸ ਮਾਦਾ ਰੂਪ ਸ੍ਰੀ (ਸਤੋਗੁਣ, ਰਜੋਗੁਣ ਅਤੇ ਤਮੋਗੁਣ ਵਾਲੀ ਆਦਿ ਸ਼ਕਤੀ) ਨੇ, ਆਪਣੇ ਸਤੋ ਗੁਣ ਤੋਂ ਇੱਕ ਪੁਰਖ ਸਰੀਰ ਪੈਦਾ ਕੀਤਾ। ਉਸ ਪੁਰਖ ਸਰੀਰ ਨੇ ਉਸ ਪਰਮ ਸ਼ਕਤੀ ਨਾਰੀ ਰੂਪ ਨੂੰ ਪੁੱਛਿਆ—ਮੈਂ ਕੌਣ ਹਾਂ ? ਤਦ ਨਾਰੀ ਨੇ ਦੱਸਿਆ—ਮੈਂ ਆਪਣੇ ਸਤੋ ਗੁਣ ਤੋਂ ਤੈਨੂੰ ਪੈਦਾ ਕੀਤਾ ਹੈ। ਫਿਰ ਪੁਰਖ ਸਰੀਰ ਨੇ ਕਿਹਾ—ਮੇਰੇ ਲਈ ਕੀ ਹੁਕਮ ਹੈ ? ਤਦ ਪਰਮ ਸ਼ਕਤੀ ਨਾਰੀ ਨੇ ਕਿਹਾ—ਤੂੰ (ਨਰ) ਤੇ ਮੈਂ (ਮਾਦਾ) ਮਿਲ ਕੇ ਇਸ ਸ੍ਰਿਸ਼ਟੀ ਉੱਤੇ ਜਨ ਜੀਵਨ ਦੀ ਰਚਨਾ ਕਰਾਂਗੇ। ਪੁਰਖ ਸਰੀਰ ਨੇ ਕਿਹਾ—ਤੂੰ ਮੈਨੂੰ ਪੈਦਾ ਕੀਤਾ ਹੈ, ਤੂੰ ਮੇਰੀ ਜਨਨੀ (ਮਾਂ) ਅਤੇ ਮੈਂ ਤੇਰਾ ਪੁੱਤਰ ਹਾਂ। ਮੇਰਾ ਤੇਰਾ ਮਿਲਾਪ (ਸਰੀਰਕ ਸੰਬੰਧ) ਹੋ ਹੀ ਨਹੀਂ ਸਕਦਾ। ਪਰਮ ਸ਼ਕਤੀ ਕਰੋਧ ਵਿੱਚ ਆ ਕੇ ਬੋਲੀ—ਤਦ ਮੈਂ ਤੈਨੂੰ ਭਸਮ ਕਰ ਦਿਆਂਗੀ। ਪੁਰਖ ਸਰੀਰ ਬੋਲਿਆ—ਭਸਮ ਹੋਣਾ ਮਨਜ਼ੂਰ ਹੈ, ਜਨਨੀ ਨਾਲ ਸਰੀਰਕ ਸੰਬੰਧ ਮਨਜ਼ੂਰ ਨਹੀਂ। ਪਰਮ ਸ਼ਕਤੀ ਨੇ ਆਪਣੀਆਂ ਅੱਖਾਂ ਵਿੱਚੋਂ ਲਾਟ ਕੱਢ ਕੇ ਉਹ ਪੁਰਖ ਸਰੀਰ ਭਸਮ ਕਰ

ਦਿੱਤਾ ਜਿਸ ਦੀ ਇੱਕ ਰਾਖ ਢੇਰੀ ਬਣ ਗਈ। ਸਮਾਂ ਪਾ ਕੇ ਮਾਇਆ ਰੂਪੀ ਸ੍ਰੀ ਨੂੰ ਫਿਰ ਤਮੰਨਾ ਹੋਈ, ਤਦ ਪਰਮ ਸ਼ਕਤੀ ਨੇ ਆਪਣੇ ਰਜੋ ਗੁਣ ਤੋਂ ਪੁਰਖ ਸਰੀਰ ਪੈਦਾ ਕੀਤਾ ਤੇ ਆਪਣੇ ਨਾਲ ਸਰੀਰਕ ਸੰਬੰਧ ਬਣਾਉਣ ਲਈ ਕਿਹਾ। ਉਸ ਪੁਰਖ ਸਰੀਰ ਨੇ ਵੀ ਸਰੀਰਕ ਸੰਬੰਧ ਬਨਾਉਣ ਤੋਂ ਇਨਕਾਰ ਕਰ ਦਿੱਤਾ। ਉਸ ਸਰੀਰ ਨੂੰ ਭੀ ਭਸਮ ਕਰ ਦਿੱਤਾ ਗਿਆ ਜਿਸ ਦੀ ਦੂਜੀ ਢੇਰੀ ਬਣ ਗਈ। ਸਮਾਂ ਪਾ ਕੇ ਫਿਰ ਪਰਮ ਸ਼ਕਤੀ ਨੇ ਆਪਣੇ ਤਮੋ ਗੁਣ ਤੋਂ ਪੁਰਖ ਸਰੀਰ ਪੈਦਾ ਕੀਤਾ ਜਿਸ ਦੀਆਂ ਅੱਖਾਂ, ਕਾਮ ਤੇ ਕ੍ਰੋਧ ਨਾਲ ਲਾਲ ਸੁਰਖ਼ ਸਨ। ਉਸ ਪੁਰਖ ਸਰੀਰ ਨੇ ਵੀ ਪੁੱਛਿਆ— ਮੈਂ ਕੌਣ ਹਾਂ, ਤਦ ਪਰਮ ਸ਼ਕਤੀ ਨੇ ਕਿਹਾ—ਮੈਂ ਸ੍ਰੀ (ਮਾਇਆ, ਆਦਿ ਸ਼ਕਤੀ) ਹਾਂ ਅਤੇ ਮੈਂ ਤੈਨੂੰ ਆਪਣੇ ਤਮੋ ਗੁਣ ਤੋਂ ਪੈਦਾ ਕੀਤਾ ਹੈ। ਤਦ ਪੁਰਖ ਬੋਲਿਆ—ਮੇਰੇ ਲਈ ਕੀ ਹੁਕਮ ਹੈ ? ਮਹਾਂ ਸ਼ਕਤੀ ਨੇ ਕਿਹਾ—ਆਪਾਂ ਮਿਲ ਕੇ ਸ੍ਰਿਸ਼ਟੀ ਅਤੇ ਜਨ ਜੀਵ ਦੀ ਰਚਨਾ ਕਰਾਂਗੇ। ਪੁਰਖ ਸਰੀਰ ਨੇ ਕਿਹਾ—ਜੇ ਮੈਂ ਨਾਂਹ ਕਰ ਦਿਆਂ। ਤਦ ਮਹਾਂ ਸ਼ਕਤੀ ਬੋਲੀ—ਸਤੋ ਅਤੇ ਰਜੋ ਗੁਣ ਵਾਲੇ ਸਰੀਰਾਂ ਵਾਂਗ ਤੈਨੂੰ ਵੀ ਭਸਮ ਕਰ ਦਿਆਂਗੀ। ਤਦ ਪੁਰਖ ਸਰੀਰ ਬੋਲਿਆ—ਤੈਂ ਮੈਨੂੰ ਪੈਦਾ ਕੀਤਾ ਹੈ ਇਸ ਲਈ ਮੈਂ ਤੇਰੇ ਹੁਕਮ ਵਿੱਚ ਹਾਂ ਜੋ ਤੂੰ ਚਾਹੇਂਗੀ ਮੈਂ ਉਹੀ ਕਰਾਂਗਾ। ਮਾਇਆ ਰੂਪੀ ਆਦਿ ਸ਼ਕਤੀ ਅਤੇ ਤਮੋਂ ਗੁਣੀ ਮਹੇਸ਼ ਦੇ ਸੰਜੋਗ ਤੋਂ ਸ੍ਰਿਸ਼ਟੀ ਉੱਤੇ ਜੀਵ ਰਚਨਾ ਹੋਈ। ਇਹ ਸਤੋ, ਰਜੋ ਤੇ ਤਮੋ ਗੁਣ ਵਾਲੇ ਤਿੰਨ ਸਰੀਰ ਹੀ ਬ੍ਰਹਮਾ, ਵਿਸ਼ਨ, ਮਹੇਸ਼ ਹੋਏ, ਜਿਨ੍ਹਾਂ ਦੀ ਜਨਨੀ, **ਸ੍ਰੀ** (ਆਦਿ ਸ਼ਕਤੀ, ਮਾਇਆ) ਹੈ। ਇਸੇ ਸ੍ਰੀ ਦਾ ਸਰਗੁਣ ਅਵਤਾਰੀ ਰੂਪ ਹਨ (ਲੱਛਮੀ, ਸਰਸਵਤੀ, ਪਾਰਵਤੀ, ਭਾਗਵਤੀ, ਭਗਉਤੀ, ਸ੍ਰੀ, ਸ਼ਿਵਾ, ਦੁਰਗਾ, ਭਵਾਨੀ, ਕਾਲੀ, ਕਾਲਕਾ, ਗੌਰੀ, ਗਿਰਜਾ ਆਦਿ) ਸਮੂਹ ਦੇਵੀਆਂ। **ਸੋ ਸ੍ਰੀ** (ਆਦਿ ਸ਼ਕਤੀ) **ਦੇ ਸਤੋ ਗੁਣ ਦੀ ਪੈਦਾਇਸ਼ ਹੈ ਵਿਸ਼ਨੂੰ, ਰਜੋ ਗੁਣ ਦੀ ਪੈਦਾਇਸ਼ ਹੈ ਬ੍ਰਹਮਾ ਅਤੇ ਤਮੋ ਗੁਣ ਦੀ ਪੈਦਾਇਸ਼ ਹੈ ਮਹੇਸ਼। ਵਿਸ਼ਨੂੰ ਦੇ ਤਿੰਨ ਰੂਪ, ਕਸ਼ੀਰ ਸੁਕਦਾਈ, ਕਾਰਨ ਸੁਕਦਾਈ ਤੇ ਗਰਭ ਸੁਕਦਾਈ ਹਨ। ਕਸ਼ੀਰ ਸੁਕਦਾਈ, ਖੀਰ ਦੇ ਸਮੁੰਦਰ ਵਿੱਚ ਸ਼ੇਸ਼ ਨਾਗ ਦੀ ਸੇਜ ਤੇ ਸੁੱਤਾ ਉਹ ਚਤੁਰਭੁਜੀ** (ਚਾਰ ਬਾਹਾਂ ਵਾਲਾ) **ਸਰੂਪ ਹੈ ਜਿਸਦੇ ਵਿਰਾਟ ਰੂਪ ਵਿੱਚ ਸਰਬ ਦੇਵਤੇ ਅਤੇ ਸਰਬ ਸੰਸਾਰੀ ਰਚਨਾ** (ਸਾਰਾ ਬ੍ਰਹਿਮੰਡ) **ਸਮਾ ਸਕਦੀ ਜਾਂ ਸਮਾਈ ਹੋਈ ਹੈ। ਕਾਰਨ ਸੁਕਦਾਈ ਰੂਪ, ਕਾਰਨ ਕਰਤਾ** (ਤੁਮ ਜਗ ਕੇ ਕਾਰਨ ਕਰਤਾਰਾ ॥੯੭/੧੩੬੬॥) **ਹੈ ਅਤੇ ਗਰਭ ਸੁਕਦਾਈ ਰੂਪ ਅਵਤਾਰ ਧਾਰੀ ਹੈ। ਸੋ ਸਮੂਹ ਦੇਵੀਆਂ, ਸ੍ਰੀ** (ਆਦਿ ਸ਼ਕਤੀ, ਮਾਇਆ ਪ੍ਰਕਿਰਤੀ) ਦਾ ਸਰਗੁਣ ਰੂਪ ਹਨ ਅਤੇ ਸਮੂਹ ਦੇਵਤੇ, ਕਸ਼ੀਰ ਸੁਕਦਾਈ ਵਿਸ਼ਨੂੰ (ਜੋ ਵੈਦਿਕ ਸੰਸਕ੍ਰਿਤੀ ਦਾ ਕਾਲ ਵੀ ਹੈ ਅਤੇ ਅਕਾਲ ਵੀ) ਦੇ ਸਰਗੁਣ ਰੂਪ ਹਨ। ਦੇਖੋ ਦਸਮ ਗ੍ਰੰਥ ਦਾ ਅਕਾਲ, ਤੁਮ ਹੋ ਸਕਲ ਲੋਕ ਸਿਰਤਾਜਾ ॥ ਗਰਬਨ ਗੰਜ ਗਰੀਬ ਨਿਵਾਜਾ ॥ ਆਦਿ ਅਕਾਲ ਅਜੋਨਿ ਬਿਨਾ ਭੈ ॥ ਨਿਰਬਿਕਾਰ ਨਿਰਲੰਬ ਜਗਤ ਮੈ ॥੯੧/ਦ: ਗ੍ਰੰਥ ਪੰਨਾ ੧੩੬੫॥ ਗੁਰੂ ਪੰਥ ਦੇ ਦਾਸ, ਮਹਾਂ ਵਿਦਵਾਨ ਜੀਓ, ਇਹ ਹੈ ਤੁਹਾਡਾ ਅਤੇ ਤੁਹਾਡੇ ਆਕਾ, ਖੋਸਾ ਜੀ ਦਾ ਇਸ਼ਟ, ਕਾਲ ਤੇ ਅਕਾਲ। **ਤੈ ਹੀ ਦੁਰਗਾ ਸਾਜਿ ਕੈ, ਜਾਂ ਤੈਥੋ ਹੀ ਬਲੁ ਰਾਮ ਲੈ** ਦੀਆਂ ਪੰਗਤੀਆਂ ਵਿੱਚ ਤੁਸੀਂ, ਤੈ ਅਤੇ ਤੈਥੋਂ ਸ਼ਬਦਾਂ ਨੂੰ ਗੁਰੂਬਾਣੀ ਦਾ ਅਕਾਲਪੁਰਖ ਬਨਾਉਣ ਦੀ ਜੋ ਕੁਚੇਸ਼ਟਾ ਕਰ ਰਹੇ ਹੋ, ਇਹ ਕੁਚੇਸ਼ਟਾ ਤੁਹਾਡੇ ਸਿੱਖ ਅਖਾਉਣ ਜਾਂ ਹੋਣ ਉੱਤੇ ਪ੍ਰਸ਼ਨ ਚਿੰਨ੍ਹ (?) ਤਾਂ ਲਵਾਉਂਦੀ ਹੀ ਹੈ।

ਅੱਗੇ ਇਹ ਕਰਾਚੋਲੀ ਦੇ ਸ਼ਰਧਾਲੂ ਲਿਖਦੇ ਹਨ, ਸਪੱਸ਼ਟ ਹੈ ਕਿ ਦੁਰਗਾ, ਰਾਮ

ਅਤੇ ਕ੍ਰਿਸ਼ਨ, ਅਕਾਲ ਪੁਰਖ ਦੀ ਅਗਮ ਤੇ ਅਥਾਹ ਸ਼ਕਤੀ ਵਿੱਚੋਂ ਅੰਸ਼ ਮਾਤ੍ਰ ਹਨ। ਅੱਗੇ ਫਿਰ ਤੱਥਹੀਣ ਦਾਹਵਾ ਕਰਦੇ ਹਨ ਕਿ ਕਲਗੀਧਰ ਜੀ ਲਿਖਦੇ (ਭਾਵ, ਗੁਰੂ ਨਾਨਕ ਜੋਤਿ ਗੁਰ ਗੋਬਿੰਦ ਸਿੰਘ ਜੀ ਦੇ ਮੂੰਹੋਂ ਕਢਵਾ ਰਹੇ) ਹਨ ਕਿ, **ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥ ਕਿਸ਼ਨ ਬਿਸ਼ਨ ਕਬਹੂੰ ਨਾ ਧਿਆਊਂ ॥ ਕਾਨ ਸੁਨੇ ਪਹਿਚਾਨ ਨ ਤਿਨ ਸੋ ॥** (ਕ੍ਰਿਸ਼ਨਾਵਾਤਾਰ)। ਇਸਦੇ ਹੁੰਦਿਆਂ ਗੁਰੂ ਮਹਾਰਾਜ ਨੂੰ ਕਹਿਣਾ ਕਿ ਉਹ ਦੇਵੀ ਪੂਜ ਸਨ, ਜਾਂ ਰਾਮ ਚੰਦਰ ਅਤੇ ਕ੍ਰਿਸ਼ਨ ਨੂੰ ਆਪਣਾ ਇਸ਼ਟ ਮੰਨਦੇ ਸਨ, ਨਵੇਂ ਜੰਮੇ ਵਿਦਵਾਨਾਂ ਦੀ ਸਿੱਖਾਂ ਵਿੱਚ ਭੁਲੇਖਾ ਪਾਊ ਕਰਤੂਤ ਹੈ। ਕੀ ਇਨ੍ਹਾਂ ਅਨਜਾਣ ਵਿਦਵਾਨਾਂ ਦੇ ਮਗਰ ਲੱਗ ਕੇ ਹਰਨਾਖਸ਼ ਤੇ ਪ੍ਰਹਿਲਾਦ ਦੀ ਕਥਾ ਫ਼ਰਜ਼ੀ ਸਮਝੀ ਜਾਵੇ ? ਥੰਮ ਪਾੜ ਕੇ ਕੋਈ ਸ਼ਕਤੀ ਮਨੁੱਖ ਤੇ ਸ਼ੇਰ ਦੇ ਰੂਪ ਵਿੱਚ ਪ੍ਰਗਟ ਨਹੀਂ ਹੋ ਸਕਦੀ ? ਅਜਿਹੀਆਂ ਬੇਹੂਦਾ ਦਲੀਲਾਂ ਪੁਰਾਣਕ ਕਥਾ ਕਹਾਣੀਆਂ ਤੋਂ ਗਿਆਨ ਲੈਣ ਦੀ ਥਾਂ, ਕਹਾਣੀ ਦੀ ਚੀਰ ਫਾੜ ਕਰ ਕੇ ਉਹ ਸਿਧਾਂਤ ਨੂੰ ਨਾ ਸਮਝਦੇ ਹੋਏ, ਗੁਰਬਾਣੀ ਦਾ ਖੰਡਨ ਕਰ ਰਹੇ ਹਨ।

ਲੋਹੇ ਦਾ ਥੰਮ ਪਾੜ ਕੇ ਪ੍ਰਗਟ ਹੋਣ ਵਾਲੀ ਸ਼ਕਤੀ ਵਿੱਚ ਵਿਸ਼ਵਾਸ ਰੱਖਣ ਵਾਲਿਓ, ਗੁਰੂਬਾਣੀ ਵਿੱਚ, ਦੇਵਤਾਈ ਅਵਤਾਰਾਂ ਦੀਆਂ ਉਦਾਹਰਣਾਂ ਹੀ ਦਿੱਤੀਆਂ ਹੋਈਆਂ ਹਨ, ਉਂਝ ਸਤਿਗੁਰੂ ਨਾਨਕ ਜੀ ਅਤੇ ਉਨ੍ਹਾਂ ਦੀ ਜੋਤਿ ਗੁਰ ਸਰੀਰਾਂ ਨੇ ਸਨਾਤਨੀ ਮਨੌਤਾਂ ਵਾਲਾ ਰਾਹ ਹੀ ਤਿਆਗ ਦਿੱਤਾ ਸੀ, ਫਿਰ ਕਲਪਿਤ ਦੇਵਤਾਈ ਲਿਖਤਾਂ ਲਿਖਣ ਵਾਲਾ ਝੂਠ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜੋੜ ਕੇ ਤੁਸੀਂ, ਦੱਬੇ ਹੋਏ ਕਰੰਗਾਂ ਦੇ ਭੂਤਨੇ ਪੈਦਾ ਕਰ ਕੇ, ਜਗਤ ਨਿਆਰੀ ਸਿੱਖੀ ਉੱਤੇ ਕੀ ਪਰਉਪਕਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ? ਆਦਿ ਮਹਾਂਕਾਲ (ਮਹਾਂ ਵਿਸ਼ਨੂੰ, ਕਸ਼ੀਰ ਸੁਕਦਾਈ ਰੂਪ) ਦੀ ਮਨੌਤ ਕਰਨ ਵਾਲੇ, ਉਸਦੀ ਗਰਭਧਾਰੀ ਅੰਸ਼, ਕਿਸੇ ਹੋਰ ਦੇਵਤੇ ਦੀ ਮਨੌਤ ਨਹੀਂ ਕਰਦੇ (ਜਿਵੇਂ ਦਕਸ਼ ਪ੍ਰਜਾਪਤੀ ਜਿਹੇ) ਅਤੇ ਇਹ ਲਿਖਤ (ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥ ਕਿਸ਼ਨ ਬਿਸ਼ਨ ਕਬਹੂੰ ਨਾ ਧਿਆਊਂ), ਕਿਸੇ ਆਦਿ ਮਹਾਂਕਾਲ ਦੇ ਮਨੌਤੀ ਦੀ ਹੀ ਲਿਖੀ ਹੋਈ ਹੈ। ਪੜ੍ਹੋ ਮਹਾਂਕਾਲ ਦਾ ਮਨੌਤੀ ਕੀ ਲਿਖਦਾ ਹੈ : **ਮਹਾਂਕਾਲ ਕੀ ਸ਼ਰਨਿ ਜੇ ਪਰੇ ਸੁ ਲਏ ਬਚਾਇ ॥ ਔਰ ਨ ਉਪਜਾ ਦੂਸਰ ਜਗ ਭੱਛਯੋ ਸਭ ਬਨਾਇ** ॥੩੬੬/੧੩੮੫॥ ਪੰਡਤ ਨਰੈਣ ਸਿੰਘ ਜੀ ਅਰਥ ਕਰਦੇ ਹਨ, ਜਿਹੜਾ ਮਹਾਂਕਾਲ ਦੀ ਸ਼ਰਨ ਵਿੱਚ ਆ ਜਾਂਦਾ ਹੈ, ਉਸਨੂੰ ਉਹ ਬਚਾ ਲੈਂਦਾ ਹੈ। ਜਗਤ ਵਿੱਚ ਹੋਰ ਕੋਈ ਪੈਦਾ ਨਹੀਂ ਹੋਇਆ ਜਿਹੜਾ ਸਾਰੇ ਸੰਸਾਰ ਨੂੰ ਖਾ ਗਿਆ ਹੋਵੇ। ਹੋਰ ਪੜ੍ਹੋ ਤੇ ਵਿਚਾਰੋ : **ਜੇ ਪੂਜਾ ਅਸਿਕੇਤੁ ਕੀ ਨਿਤਪ੍ਰਤਿ ਕਰੈਂ ਬਨਾਇ ॥ ਤਿਨ ਪਰ ਅਪਨੋ ਹਾਥ ਦੈ ਅਸਿਧੁਜ ਲੇਤ ਬਚਾਇ** ॥੩੬੭/੧੩੮੫॥ ਜਿਹੜੇ ਅਸਿਕੇਤੁ (ਮਹਾਂਕਾਲ) ਦੀ ਨਿੱਤ ਪੂਜਾ ਕਰਦੇ ਹਨ ਉਸ ਨੂੰ ਅਸਿਧੁਜ (ਉਹੀ ਮਹਾਂਕਾਲ ਜਿਸ ਨੂੰ ਚਤੁਰ ਪੰਡਤ ਨਰੈਣ ਸਿੰਘ ਜੀ, ਅਕਾਲ ਪੁਰਖ ਬਣਾਈ ਜਾ ਰਹੇ ਹਨ) ਆਪਣਾ ਹੱਥ ਦੇ ਬਚਾ ਲੈਂਦਾ ਹੈ। ਖੋਸਾ ਜੀ ਅਤੇ ਉਸਦੇ ਪੈਰੋਕਾਰੋ ਆਪਣੇ ਅਸਿਧੁਜ ਦਾ ਯੋਧਾ ਰੂਪ ਵੀ ਦੇਖ ਲਵੋ : **ਬੀਸ ਸਹੱਸ੍ਰ ਅਸੁਰ ਪਰ ਬਾਨਾ ॥ ਸ੍ਰੀ ਅਸਿਧੁਜ ਛਾਡੇ ਬਿਧਿ ਨਾਨਾ** ॥੩੭੧/੧੩੮੬॥ ਹੁਣ ਮਹਾਂਕਾਲ ਨੇ ਵੀਹ ਹਜ਼ਾਰ ਤੀਰ ਉਸ ਦੈਂਤ ਉੱਤੇ ਛੱਡੇ। ਬੇਨਤੀ ਚੌਪਈ ਵਾਲਾ, ਜੇ ਅਸਿਧੁਜ ਤਵ ਸ਼ਰਨੀ ਪਰੇ (ਬੰਦ ੩੯੭) ਅਤੇ ਜੋ ਕਲਿ ਕੌ ਇਕ ਬਾਰ ਧਿਐਹੈ (ਬੰਦ ੩੯੮) ਖੜਗਕੇਤ ਮੈਂ ਸ਼ਰਨਿ ਤਿਹਾਰੀ (ਬੰਦ ੪੦੧) ਸਭ ਵਿਸ਼ਨੂੰ ਭਗਵਾਨ ਦੇ ਹੀ ਰੂਪ ਹਨ ਜਿਨ੍ਹਾਂ ਅੱਗੇ ਅਰਜ਼ੋਈ ਬੇਨਤੀ ਕੀਤੀ ਜਾ ਰਹੀ ਹੈ ਪਰ ਸੰਪ੍ਰਦਾਈ ਖੋਸਾ ਸ਼੍ਰੇਣੀ ਨੂੰ

ਇਹ ਮਹਾਂਕਾਲ ਗੁਰਮਤਿ ਵਾਲਾ ਅਕਾਲਪੁਰਖ ਦਿਖਾਈ ਦਿੰਦਾ ਹੈ। ਮਹਾਂਕਾਲ ਬਾਰੇ ਹੋਰ ਜਾਨਣ ਸਮਝਣ ਲਈ, ਦਸਮ ਗ੍ਰੰਥ ਦੇ ਪੰਨਾ ੧੩੬੫ ਉੱਤੇ ਬੰਦ ਨੰਬਰ ੯੯ ਤੋਂ ੧੦੨ ਤੱਕ ਪੜ੍ਹ ਕੇ ਖੋਸਾ ਜੀ ਦੇ ਕਾਲ, ਮਹਾਂਕਾਲ ਅਤੇ ਜਗ ਕੇ ਕਾਰਨ ਕਰਤਾਰਾ ਦੇ ਦਰਸ਼ਨ ਵੀ ਕਰ ਲਵੋ, ਜੋ ਦੈਂਤਾਂ ਨਾਲ ਯੁੱਧ ਕਰਦਾ ਹੈ ਪਰ ਖੋਸਾ ਜੀ ਨੂੰ ਇਹ ਯੋਧਾ ਕਾਲਪੁਰਖ, ਗੁਰੂਬਾਣੀ ਵਾਲਾ ਅਕਾਲ ਪੁਰਖ ਦਿਸ ਰਿਹਾ ਹੈ। ਅੱਗੇ ਜਾ ਕੇ ਇਨ੍ਹਾਂ ਦੇ ਕਾਲ ਜਾਂ ਮਹਾਂਕਾਲ ਦੇ ਦਰਸ਼ਨ ਵੀ ਪਾਠਕਾਂ ਨੂੰ ਕਰਵਾ ਦਿਆਂਗਾ।

ਮਨੁੱਖ ਤੇ ਸ਼ੇਰ ਦੇ ਰੂਪ ਵਿੱਚ ਕਿਸੇ ਸ਼ਕਤੀ ਨੂੰ ਪ੍ਰਗਟ ਕਰ ਕੇ, ਆਖ਼ਰ ਇਨ੍ਹਾਂ ਲਿਖਾਰੀਆਂ ਨੇ ਆਪਣੇ ਅੰਦਰ ਦੀ ਬਿੱਪ੍ਰਵਾਦੀ ਭੜਾਸ ਬਾਹਰ ਕੱਢ ਹੀ ਦਿੱਤੀ ਹੈ। ਮਨੁੱਖੀ ਧੜ ਉੱਤੇ ਸ਼ੇਰ ਦਾ ਮੂੰਹ, ਮਨੁੱਖੀ ਧੜ ਉੱਤੇ ਹਾਥੀ ਦਾ ਸਿਰ, ਮਨੁੱਖੀ ਧੜ ਉੱਤੇ ਘੋੜੇ ਦਾ ਮੂੰਹ, ਇਹ ਬਹੁ ਰੂਪੀ ਸ਼ਕਤੀਆਂ, ਦੇਵਤਾਈ ਪੁਰਾਣਾਂ ਦੀਆਂ ਕਲਪਿਤ ਕਹਾਣੀਆਂ ਤਾਂ ਹੋ ਸਕਦੀਆਂ ਹਨ, ਗੁਰਮਤਿ ਦੇ ਗਿਆਨਮਈ ਇਸ਼ਟ ਦੀਆਂ ਨਹੀਂ। ਪ੍ਰਹਲਾਦ ਨੂੰ ਉਸਦਾ ਪਿਤਾ ਸਜ਼ਾ ਦੇ ਰਿਹਾ ਹੈ, ਕੋਈ ਬੇਗਾਨਾ ਜ਼ੁਲਮ ਨਹੀਂ ਕਰ ਰਿਹਾ ਅਤੇ ਤੁਹਾਡੀ ਮਨੁੱਖ ਤੇ ਸ਼ੇਰ ਰੂਪੀ ਸ਼ਕਤੀ, ਲੋਹੇ ਦਾ ਥੰਮ ਪਾੜ ਕੇ ਨਿਕਲ ਆਉਂਦੀ ਹੈ। ਕੀ ਉਹ ਤੁਹਾਡੀ ਸ਼ਕਤੀ, ਲੋਹੇ ਦਾ ਥੰਮ ਪਾੜਨ ਤੋਂ ਬਿਨਾਂ ਪ੍ਰਗਟ ਨਹੀਂ ਸੀ ਹੋ ਸਕਦੀ ? ਜਾਂ ਲੋਹੇ ਦਾ ਥੰਮ ਪਾੜ ਕੇ ਆਪਣੀ ਅਨੋਖੀ ਸ਼ਕਤੀ ਦਾ ਪ੍ਰਗਟਾ ਜਾਂ ਇਜ਼ਹਾਰ ਕਰਨਾ ਚਾਹੁੰਦੀ ਸੀ ? ਗੁਰੂ ਅਰਜਨ ਜੀ ਨੂੰ, ਬੇਗਾਨਿਆਂ ਵਲੋਂ ਅਣਕਿਆਸੇ ਤਸੀਹੇ ਦਿੱਤੇ ਗਏ, ਗੁਰੂ ਤੇਗ਼ ਬਹਾਦਰ ਜੀ ਨਿਰਦੋਸ਼ ਸਨ, ਦਿੱਲੀ ਵਿੱਚ ਸ਼ਰ੍ਹੇਆਮ ਸ਼ਹੀਦ ਕਰ ਦਿੱਤੇ ਗਏ, ਜ਼ੁਲਮ ਦੀ ਇੰਤਹਾ, ਛੋਟੇ ਸਾਹਿਬਜ਼ਾਦੇ (ਬਚਪਨ ਵਿੱਚ ਹੀ) ਨੀਂਹਾਂ ਵਿੱਚ ਚਿਣ ਦਿੱਤੇ ਗਏ, ਕੀ ਇਹ ਜ਼ੁਲਮ ਨਹੀਂ ਸੀ ? ਪਰ ਤੁਹਾਡੀ ਕਲਪਿਤ ਸ਼ਕਤੀ ਕਿਤੇ ਪ੍ਰਗਟ ਨਹੀਂ ਹੋਈ ਪਰ ਪ੍ਰਹਲਾਦ ਨੂੰ ਬਚਾਉਣ ਵਾਲੀ ਮਨੁੱਖ ਤੇ ਸ਼ੇਰ ਰੂਪੀ ਸ਼ਕਤੀ, ਤੁਹਾਡਾ ਇਸ਼ਟ ਬਣ ਗਈ। ਬਲਿਹਾਰ ਜਾਈਏ ਸਿੱਖ ਪਹਿਰਾਵੇ ਵਿੱਚ ਸ਼ਿੰਗਾਰੀ ਬਿੱਪ੍ਰ ਸੋਚ ਤੇ ਕਾਲਪੁਰਖੀ ਪੈਰੋਕਾਰਾਂ ਦੇ। ਜੋ ਆਪ ਕੁਰਾਹੇ ਪਏ ਤੇ ਹੋਰਾਂ ਨੂੰ ਕੁਰਾਹੇ ਪਾਉਣ ਦਾ ਸਬੱਬ ਬਣ ਰਹੇ ਹਨ।

ਅੱਗੇ ਪੰਨਾ ੫ 'ਤੇ ਲਿਖਦੇ ਹਨ ਕਿ ਅਗਨੀ ਪੂਜਾ, ਚੰਦ ਸੂਰਜ ਪੂਜਾ, ਤੀਰਥਾਂ ਤੋਂ ਕਲਿਆਣ ਸਮਝਣੀ, ਪੱਥਰ ਪੂਜਾ, ਰਾਮਾਨੰਦ ਬੈਰਾਗੀ ਤੇ ਹੋਰ ਪਖੰਡੀ ਭੇਖਧਾਰੀਆਂ ਦੇ ਪਖੰਡ ਨੂੰ ਬਚਿੱਤ੍ਰ ਨਾਟਕ ਵਿੱਚ ਕੁਰਾਹੇ ਪਏ ਦੱਸਿਆ ਹੈ।

ਕਾਲਪੁਰਖੀ ਫ਼ੌਜ ਦੇ ਸੈਨਕੋ, **ਮੁਰ ਪਿਤ ਪੂਰਬ ਕਿਯਸਿ ਪਯਾਨਾ ॥ ਭਾਂਤਿ ਭਾਂਤਿ ਕੇ ਤੀਰਥਿ ਨਾਨਾ ॥ ਜਬ ਹੀ ਜਾਤ ਤ੍ਰਿਬੇਣੀ ਭਏ ॥ ਪੁੰਨ ਦਾਨ ਦਿਨ ਕਰਤ ਬਿਤਏ ॥ ਤਹੀਂ ਪ੍ਰਕਾਸ਼ ਹਮਾਰਾ ਭਯੋ** ॥੧/ਪੰਨਾ ੫੯॥ ਇਹ ਲਿਖਤ ਜੋ ਤੀਰਥ ਨਹਾਉਣ ਤੇ ਸਨਾਤਨੀ ਤੀਰਥ ਤ੍ਰਿਬੇਣੀ ਜਾ ਕੇ ਪੁੰਨ ਦਾਨ ਕਰਨ ਦੀ ਪ੍ਰੋੜ੍ਹਤਾ ਕਰਦੀ ਹੈ, ਕੀ ਇਹ ਬਚਿੱਤ੍ਰ ਨਾਟਕ ਦੀ ਲਿਖਤ ਨਹੀਂ ? ਤੀਰਥ ਇਸ਼ਨਾਨ ਅਤੇ ਪੁੰਨ ਦਾਨ ਦੇ ਫਲ ਤਹਿਤ, ਹੇਮਕੁੰਟ ਤਪੱਸਵੀ, ਮਾਤਾ ਗੁਜਰੀ ਦੇ ਗਰਭ ਵਿੱਚ ਨਹੀਂ ਆਇਆ ? ਬਚਿੱਤ੍ਰ ਨਾਟਕ ਦੀ ਇਹ ਲਿਖਤ ਜੋ ਦਸਮੇਸ਼ ਜੀ ਦੇ ਮਾਤਾ ਪਿਤਾ ਨੂੰ, ਤੀਰਥੀਂ ਇਸ਼ਨਾਨ ਅਤੇ ਪੁੰਨ ਦਾਨ ਕਰਵਾਉਂਦੀ ਹੈ, ਇਸ ਨੂੰ ਝੂਠ ਕਿਵੇਂ ਸਿੱਧ ਕਰੋਗੇ ?

ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ ॥ ਅਉਰ ਨ ਮਾਂਗਤ

ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ ॥੧੯੦੦/੪੯੫॥ ਹੇ ਸੂਰਜ ਹੇ ਚੰਦ੍ਰਮਾ ਹੇ ਕ੍ਰਿਪਾ ਦੇ ਖ਼ਜ਼ਾਨੇ, ਹੁਣੇ ਮੇਰੀ ਬੇਨਤੀ ਸੁਣ ਲਵੋ। ਮੈਂ ਤੁਹਾਡੇ ਪਾਸੋਂ ਹੋਰ ਕੁੱਝ ਨਹੀਂ ਮੰਗਦਾ, ਹਾਂ ਚਿੱਤ ਵਿੱਚ ਜੋ ਚਾਹੁੰਦਾ ਹਾਂ ਮੇਰੀ ਉਹ ਇੱਛਾ ਪੂਰੀ ਕਰ ਦਿਓ। ਸਤਿਗੁਰ ਨਾਨਕ ਜੀ ਦੇ ਨਿਰਮਲ ਪੰਥ ਦੀ ਬੇੜੀ ਵਿੱਚ ਵੱਟੇ ਪਾਉਣ ਦਾ ਕੁਕਰਮ ਕਰ ਰਹੇ ਮਹਾਂ ਵਿਦਵਾਨੋਂ, ਇਹ ਜੋ ਆਪਣੀ ਇੱਛਾ ਪੂਰਤੀ ਲਈ, ਸੂਰਜ ਚੰਦ ਅਤੇ ਇਨ੍ਹਾਂ ਦੇਵਾਂ ਦੇ ਦੇਵ (ਕਰੁਨਾਨਿਧ, ਮਹਾਂਕਾਲ) ਅੱਗੇ ਅਰਜ਼ੋਈ ਬੇਨਤੀ ਕੀਤੀ ਜਾ ਰਹੀ ਹੈ, ਇਹ ਕੀ ਹੈ ? ਕੀ ਇਹ ਸੂਰਜ ਚੰਦ ਅਤੇ ਕਸ਼ੀਰ ਸੁਕਦਾਈ (ਮਹਾਂ ਵਿਸ਼ਨੰ) ਦੀ ਪੂਜਾ ਨਹੀਂ ?

ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥ ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥ ਅਰੁ ਸਿੱਖ ਹੌਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥੨੩੧/੯੯॥ ਸ਼ਿਵਾ ਤੋਂ ਵਰ ਮੰਗਣ ਵਾਲਾ, ਸ਼ਿਵਾ (ਦੁਰਗਾ) ਦਾ ਪੂਜਕ ਹੀ ਹੋ ਸਕਦਾ ਹੈ। ਇਸ ਚੰਡੀ ਚਰਿੱਤ੍ਰ ਦੇ ੨੩੩ ਬੰਦਾਂ ਵਿੱਚੋਂ, ਇਸ ਇੱਕ ਸਵੈਯੇ ਨੂੰ ਦਸਮੇਸ਼ ਕ੍ਰਿਤ ਕਹਿਣ ਵਾਲੇ, ਗੁਰ ਨਿੰਦਕ ਹੀ ਕਹੇ ਜਾ ਸਕਦੇ ਹਨ। ਸਿੱਖ ਪਹਿਰਾਵੇ ਦੇ ਭੇਖ ਵਿੱਚ, ਅਗਿਆਨੀ ਜਾਂ ਅਭਿਮਾਨੀ ਕੀਰਤਨੀਏਂ, ਇਸ ਸਵੈਯੇ ਨੂੰ, ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿੱਚ, ਬੜੇ ਜ਼ੋਰ ਸ਼ੋਰ ਨਾਲ ਪੜ੍ਹਦੇ ਦੇਖੇ ਤੇ ਸੁਣੇ ਜਾਂਦੇ ਹਨ। ਇਸ ਸਵੈਯੇ ਤੋਂ ਅਗਲਾ ਬੰਦ ਹੈ, **ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ ॥ ਜਾਹਿ ਨਮਿੱਤ ਪੜੈ ਸੁਨਿ ਹੈ ਨਰ ਸੋ ਨਿਸਚੈ ਕਰਿ ਤਾਹਿ ਦਈ ਹੈ ॥੨੩੨/੯੯॥** ਭਾਵ ਅਰਥ, ਇੱਛਾ ਤਹਿਤ ਕਵੀ ਨੇ ਕੀਤੀ ਸਤਿਸਯ (ਦੁਰਗਾ) ਦੇਵੀ ਦੀ ਕਥਾ ਪੂਰੀ ਹੋਈ ਹੈ। ਜਿਸ ਇੱਛਾ ਲਈ ਕੋਈ ਮਨੁੱਖ ਇਸ ਕਥਾ ਨੂੰ ਪੜ੍ਹੇ ਸੁਣੇਗਾ, ਦੁਰਗਾ ਦੇਵੀ ਜ਼ਰੂਰ ਪੂਰੀ ਕਰੇਗੀ। ਇਹ ਚੰਡੀ (ਆਦਿ ਸ਼ਕਤੀ ਸ੍ਰੀ ਦਾ ਸਰਗੁਣ ਰੂਪ, ਦੁਰਗਾ) ਦੇਵੀ ਦੇ ਯੁੱਧ ਦੀ ਗਾਥਾ ਹੈ ਜਿਸਦੇ ੨੩੩ ਬੰਦ ਹਨ ਅਤੇ ੨੩੧ਵਾਂ ਬੰਦ ਹੈ ਦੇਹ ਸ਼ਿਵਾ ਬਰ ਮੋਹਿ ਇਹੈ। ਇਸ ਗਾਥਾ ਦੀ ਸ਼ੁਰੂਆਤ, **ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ ॥ ਕੈ ਸ਼ਿਵ ਸ਼ਕਤਿ ਦਏ ਸ੍ਰੁਤਿ ਚਾਰ ਰਜੋ ਤਮ ਸੱਤ ਤਿਹੂ ਪੁਰ ਬਾਸਾ ॥ ਦਿਉਸ ਨਿਸਾ ਸਸਿ ਸੂਰ ਕੈ ਦੀਪ ਸੁ ਸ੍ਰਿਸ਼ਟਿ ਰਚੀ ਪੰਚ ਤੱਤ ਪ੍ਰਕਾਸਾ ॥ ਬੈਰ ਬਢਾਇ ਲਰਾਇ ਸੁਰਾਸੁਰ ਆਪਹਿ ਦੇਖਤ ਬੈਠ ਤਮਾਸਾ ॥੧/੭੪॥** ਇੱਥੇ ਆਦਿ ਅਪਾਰ ਅਲੇਖ ਅਨੰਤ ਅਕਾਲ ਆਦਿ ਸ਼ਬਦਾਵਲੀ, ਆਦਿ ਸ਼ਕਤੀ ਸ੍ਰੀ ਲਈ ਅਤੇ ਸ੍ਰੀ ਦੇ ਰਜੋ ਤਮੋ ਸੱਤ ਗੁਣਾਂ ਰਾਹੀਂ ਪੈਦਾ ਹੋਏ ਤਿੰਨ ਦੇਵ, ਬ੍ਰਹਮਾ, ਮਹੇਸ਼ ਤੇ ਵਿਸ਼ਨੂੰ (ਖ਼ਾਸ ਕਰਕੇ ਕਸ਼ੀਰ ਸੁਕਦਾਈ ਵਿਸ਼ਨੂੰ) ਲਈ ਵਰਤੀ ਗਈ ਹੈ। ਜਿਨ੍ਹਾਂ ਦੀ ਪੈਦਾਇਸ਼ ਦਾ ਜ਼ਿਕਰ ਅਸੀਂ ਪਿੱਛੇ ਕਰ ਤੇ ਪਾਠਕ ਪੜ੍ਹ ਆਏ ਹਨ। ਜੇ ਮੱਕਾਰੀ ਤੇ ਫ਼ਰੇਬੀ ਸੋਚ ਨੂੰ ਪਾਸੇ ਕਰ ਕੇ ਸੁਹਿਰਦ ਅਤੇ ਇਮਾਨਦਾਰ ਸੋਚ ਅਪਨਾਈ ਜਾਵੇ ਤਾਂ ਸੱਚ ਜਾਣੋ, **ਬਚਿੱਤ੍ਰ ਨਾਟਕ** (ਅਖੌਤੀ ਦਸਮ ਗ੍ਰੰਥ) **ਹਿਮਾਇਤੀਆਂ ਦੇ ਹਰ ਝੂਠੇ ਤੇ ਖੋਖਲੇ ਦਾਹਵੇ ਨੂੰ, ਉਨ੍ਹਾਂ ਦੇ ਆਪਣੇ ਇਸ਼ਟ** (ਦਸਮ ਗ੍ਰੰਥ) **ਵਿੱਚੋਂ ਹੀ ਠੋਸ ਪ੍ਰਮਾਣਾਂ ਤਹਿਤ ਰੱਦ ਕੀਤਾ ਜਾ ਸਕਦਾ ਹੈ ਪਰ ਬਿੱਪ੍ਰ ਦੀ ਗ਼ੁਲਾਮ ਸੋਚ, ਬਗੁਲੇ ਨੂੰ ਹੰਸ ਬਨਾਉਣ, ਕਹਿਣ ਅਤੇ ਹੋਰਾਂ ਨੂੰ ਮਨਵਾਉਣ ਲਈ ਬਜ਼ਿੱਦ ਹੈ।**

ਗੁਰੂ ਗੋਬਿੰਦ ਸਿੰਘ ਦੀ ਰਚਨਾ ਕਹਿ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ

ਵਿੱਚ, ਕੀਰਤਨੀ ਮੰਚ ਉੱਤੇ ਪੂਰੇ ਜੋਸ਼ ਨਾਲ ਗਾਈ ਜਾਂਦੀ, **ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ** ॥੫੭੦॥ ਇਹ ਕ੍ਰਿਸ਼ਨਾ ਅਵਤਾਰ ਦੇ ੨੪੯੨ ਬੰਦਾਂ ਵਿੱਚੋਂ, ਪੰਨਾ ੫੭੦ ਉੱਤੇ ੨੪੮੯ ਨੰਬਰ ਵਾਲਾ ਸ੍ਵੈਯਾ ਹੈ। ਜਿਸ ਦੇ ਅਰਥ ਹਨ ਕਿ, ਮੈਂ ਛਤ੍ਰੀ ਦਾ ਪੁਤ੍ਰ ਹਾਂ, ਬਾਮ੍ਹਣ ਦਾ ਨਹੀਂ। ਮੈਨੂੰ ਤਪ ਕਰਨਾ ਨਹੀਂ ਆਉਂਦਾ। ਜੋ ਮੈਂ ਕਰ ਲਵਾਂ। ਹੋਰ ਜਿੰਨਾ ਭੀ ਘਰੇਲੂ ਜੰਜਾਲ ਹੈ, ਕੀ ਮੈਂ ਤੈਨੂੰ ਛੱਡ ਕੇ ਉਸ ਵਿੱਚ ਚਿੱਤ ਜੋੜ ਲਵਾਂ, ਇਹ ਭੀ ਮੈਥੋਂ ਨਹੀਂ ਹੋਣਾ। ਮੈਨੂੰ ਰੀਝ ਕੇ ਉਹੀ ਦਿਓ ਜੋ ਮੈਂ ਹੱਥ ਜੋੜ ਕੇ ਬੇਨਤੀ ਕਰ ਰਿਹਾ ਹਾਂ ਕਿ, ਜਦੋਂ ਮੇਰਾ ਅੰਤ ਵੇਲਾ ਆਵੇ, ਰਣ ਤੱਤੇ ਵਿੱਚ ਜੂਝਦਾ ਹੀ ਮਰਾਂ। ਗੁਰਬਾਣੀ ਉਪਦੇਸ਼ ਹਰ ਵੇਲੇ ਅਕਾਲ ਪੁਰਖ ਦੀ ਯਾਦ ਵਿੱਚ ਜੁੜਨ ਅਤੇ ਸਿਰ ਆਣ ਪਵੇ ਤਾਂ ਪਤਿ ਦੀ ਰਾਖੀ ਲਈ ਆਪਾ ਵਾਰਨ (**ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ** ॥੧੪੨/੧੦॥) ਵਾਲੀ ਗ਼ੈਰਤ ਦਾ ਆਦੇਸ਼ ਦਿੰਦਾ ਹੈ। ਕਿੱਥੇ ਜਾਤ ਦਾ ਗੁਮਾਨ ਅਤੇ ਹਰ ਵਕਤ ਲੜਨ ਮਰਨ ਵਾਲੀ ਸੋਚ। ਪਿਛਲੇ ਜਨਮ ਵਿੱਚ, **ਤਹ ਹਮ ਅਧਿਕ ਤਪੱਸਿਆ ਸਾਧੀ** ਕਹਿ ਰਿਹਾ ਹੈ ਤੇ ਹੁਣ ਕਹਿੰਦਾ ਹੈ ਮੈਨੂੰ ਤਪ ਕਰਨਾ ਨਹੀਂ ਆਉਂਦਾ। ਇਸ ਲਿਖਾਰੀ ਦੀ ਸੋਚ ਬਦਲਦੀ ਕਿਉਂ ਰਹਿੰਦੀ ਹੈ? **ਗੁਰਬਾਣੀ ਉਪਦੇਸ਼ ਵੀ ਵਿਚਾਰ ਲਵੋ : ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ** ॥੧੧੨੭/੧੯॥ ਛੱਤ੍ਰੀ ਦਾ ਪੁੱਤ ਹਾਂ ਬ੍ਰਾਮਣ ਦਾ ਨਹੀਂ, ਇਹ ਕਹਿ ਕੇ ਲਿਖਾਰੀ ਨੇ ਬ੍ਰਾਮਣ ਦੀ ਹੱਤਕ ਕੀਤੀ ਹੈ, ਕੀ ਬ੍ਰਾਮਣ ਲੜ ਨਹੀਂ ਸਕਦਾ?

ਇਸੇ ਗ੍ਰੰਥ ਵਿੱਚ ੬ਵਾਂ ਅਵਤਾਰ ਹੈ ਪਰਸ ਰਾਮ ਜੋ ਜਨਮ ਜਾਤ ਤੋਂ ਬ੍ਰਾਹਮਣ (ਜੋ ਬ੍ਰਾਮਣ ਜਮਦਗਨਿ ਤੇ ਰੇਣਕਾ ਦਾ ਪੁੱਤਰ) ਹੈ। ਇਹ ਗਾਥਾ ਦੱਸਦੀ ਹੈ ਕਿ ਉਸ ਨੇ, **ਕਰੀ ਛਤ੍ਰਹੀਣੰ ਛਿਤੰ ਕੀਸ ਬਾਰੰ ॥ ਹਣੇ ਐਸ ਹੀ ਭੂਪ ਸਰਬੰ ਸੁਧਾਰੰ** ॥੩੪/੧੭੧॥ ੨੧ ਵੇਰ, ਧਰਤੀ ਨੂੰ ਖੱਤਰੀਆਂ ਤੋਂ ਖ਼ਾਲੀ ਕਰ ਦਿੱਤਾ (ਸਭ ਖੱਤਰੀਆਂ ਨੂੰ ਮਾਰ ਦਿੱਤਾ) ਸੀ। ਜਦ ਸਾਰੇ ਖੱਤ੍ਰੀ ਮਾਰ ਕੇ ਧਰਤੀ ਖ਼ਾਲੀ ਹੀ ਕਰ ਦਿੱਤੀ ਜਾਂਦੀ ਸੀ ਫਿਰ ਦੁਬਾਰਾ ਖੱਤ੍ਰੀ ਕਿੱਥੋਂ ਪੈਦਾ ਹੋ ਜਾਂਦੇ ਸਨ? ਇਸ ਗਾਥਾ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਇਹ ਪੌਰਾਣਿਕ ਝੂਠ ਦੀਆਂ ਗਾਥਾਵਾਂ ਕਿਸੇ ਮੱਕਾਰ ਨੀਤੀ ਤਹਿਤ ਹੀ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜੋੜੀਆਂ ਜਾ ਰਹੀਆਂ ਹਨ।

ਇਸੇ ਪੰਨਾ ੫ ਉੱਤੇ ਹੀ ਲਿਖਦੇ ਹਨ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਵੇਰਵਾ ਵੀ ਬਚਿੱਤ੍ਰ ਨਾਟਕ ਵਿੱਚ ਦਰਜ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ੧੬੭੫ ਵਿੱਚ ਹੁੰਦੀ ਹੈ ਅਤੇ ਬਚਿੱਤ੍ਰ ਨਾਟਕੀ ਗ੍ਰੰਥ ਦਾ ਜਨਮ ੧੭੮੦ ਈਸਵੀ ਤੋਂ ਬਾਦ ਹੁੰਦਾ ਹੈ। ਕੀ ੧੦੫ ਸਾਲ ਤੱਕ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਬਾਰੇ ਸਿੱਖ ਕੌਮ ਕੋਲ ਕੋਈ ਲਿਖਤ ਹੀ ਨਹੀਂ ਸੀ? ਜੇ ਉਸ ਸ਼ਹਾਦਤ ਦਾ ਥੋੜਾ ਜਿਹਾ (ਸਿਰਫ਼ ਚਾਰ ਬੰਦੀ) ਵੇਰਵਾ ਬਚਿੱਤ੍ਰ ਨਾਟਕ ਵਿੱਚ ਨਾ ਹੁੰਦਾ ਤਾਂ ਕੀ ਗੁਰੂ ਜੀ ਦੀ ਸ਼ਹਾਦਤ ਅਣਗੌਲੀ ਹੀ ਰਹਿ ਜਾਂਦੀ?

ਟ੍ਰੈਕਟ ਪੰਨਾ ੭ ਉੱਤੇ ਇਹ ਗੁਰੂ ਪੰਥ ਦੇ ਦਾਸ ਲਿਖਦੇ ਹਨ ਕਿ, ਕਾਲ ਅਨੁਸਾਰ ਬਿਸ਼ਨੂ, ਬ੍ਰਹਮਾ, ਸ਼ਿਵ ਜੀ, ਰਾਮ, ਕ੍ਰਿਸ਼ਨ, ਚੰਦ, ਸੂਰਜ ਆਦਿ ਸਭ ਦੀ ਉਤਪਤੀ ਤੇ ਨਾਸ਼ ਹੈ। ਕੇਵਲ ਅਕਾਲ ਪੁਰਖ ਦੀ ਸ਼ਕਤੀ ਹੀ ਸਦੀਵੀ ਹੈ। ਬ੍ਰਾਹਮਣੀ ਸੋਚ ਵਾਲੇ ਵਿਦਵਾਨਾਂ ਨੂੰ ਇਸੇ ਕਰਕੇ ਦਸਮ ਗ੍ਰੰਥ ਦਾ ਫੋਬੀਆ ਹੈ, ਕਿਉਂਕਿ ਉਨ੍ਹਾਂ ਅਨੁਸਾਰ ਰਾਮ ਕ੍ਰਿਸ਼ਨ ਤੇ ਵਿਸ਼ਨੂੰ ਆਦਿ, ਕਾਲ ਰਹਿਤ ਸੋਇਮ ਭਗਵਾਨ ਹਨ।

ਵਾਹ ਕਾਲਪੁਰਖ ਦੇ ਪੂਜਾਰੀਓ, ਕਾਸ਼ੀ ਦੇ ਬਿੱਪ੍ਰ ਨੀਤੀ ਘਾੜਿਆਂ ਵਲੋਂ, ਤੁਹਾਡੀ ਵਿਦਵਤਾ ਨੂੰ ਤਾਂ ਚਾਣਕਯ ਪੁਰਸਕਾਰ ਨਾਲ ਨਿਵਾਜਣਾ ਚਾਹੀਦਾ ਹੈ। ਕਿਉਂਕਿ ਤੁਸੀਂ ਝੂਠ ਲਿਖਣ ਤੇ ਝੂਠ ਨੂੰ ਸੱਚ ਬਣਾ ਕੇ, ਹੋਰਾਂ ਨੂੰ ਮਨਵਾਉਣ ਵਿੱਚ ਬਿੱਪ੍ਰ ਨੂੰ ਵੀ ਮਾਤ ਪਾਈ ਜਾ ਰਹੇ ਹੋ। ਦਸਮ ਗ੍ਰੰਥ ਦੀ ਨਾਇਕਾ (Heroine) ਆਦਿ ਸ਼ਕਤੀ ਸ੍ਰੀ (ਪ੍ਰਕ੍ਰਿਤੀ, ਮਾਇਆ) ਬਾਰੇ ਪਾਠਕ ਪਿੱਛੇ ਪੜ੍ਹ ਜਾਣ ਚੁੱਕੇ ਹਨ, ਹੁਣ ਬਚਿੱਤ੍ਰ ਨਾਟਕੀ ਗ੍ਰੰਥ ਦੇ ਨਾਇਕ (Hero), ਜੋ ਖੋਸਾ ਜੀ, ਉਨ੍ਹਾਂ ਦੇ ਪੈਰੋਕਾਰਾਂ ਅਤੇ ਦਸਮ ਗ੍ਰੰਥ ਹਮਾਇਤੀਆਂ ਦਾ ਇਸ਼ਟ ਹੈ, ਉਸ ਕਾਲਪੁਰਖ (ਜਿਸਨੂੰ ਦਸਮ ਗ੍ਰੰਥ ਚਹੇਤੇ, ਆਪੂੰ ਹੀ ਅਕਾਲ ਪੁਰਖ ਬਣਾਈ ਜਾਂਦੇ ਹਨ) ਦੇ ਦਰਸ਼ਨ ਵੀ ਕਰਵਾ ਦਿੱਤੇ ਜਾਣ। ਸ਼ਾਇਦ ਸਚਾਈ ਦੇ ਚਾਨਣ ਨਾਲ, ਇਨ੍ਹਾਂ ਦੀਆਂ ਅੱਖਾਂ ਉੱਤੇ ਲੱਗੀ ਬਿੱਪ੍ਰਵਾਦੀ ਕਲਪਨਾ ਦੀ ਐਨਕ ਉਤਰ ਸਕੇ। ਇਨ੍ਹਾਂ ਵਲੋਂ ਲਿਖੇ, ਬਿਸ਼ਨੂ, ਬ੍ਰਹਮਾ, ਸ਼ਿਵ ਜੀ, ਰਾਮ, ਕ੍ਰਿਸ਼ਨ, ਚੰਦ, ਸੂਰਜ ਆਦਿ, ਕਾਲਪੁਰਖ (ਸ਼ਰੀਰ ਸੁਕਦਾਈ ਵਿਸ਼ਨੂੰ) ਦਾ, ਗਰਭ ਸੁਕਦਾਈ (ਅਵਤਾਰੀ) ਰੂਪ ਹਨ। ਪੜ੍ਹੋ ਧਿਆਨ ਨਾਲ, **ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵਜੂ ਅਵਤਰਾ ॥ ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥ ਜਵਨ ਕਾਲ ਜੋਗੀ ਸਿਵ ਕੀਓ ॥ ਬੇਦਰਾਜ ਬ੍ਰਹਮਾ ਜੂ ਥੀਓ ॥ ਜਵਨ ਕਾਲ ਸਭ ਲੋਕ ਸਵਾਰਾ ॥ ਨਮਸ਼ਕਾਰ ਹੈ ਤਾਹਿ ਹਮਾਰਾ** ॥ਪੰਨਾ ੧੩੮੬-੮੭॥ ਬਿੱਪ੍ਰ ਦੀ ਗ਼ੁਲਾਮ, ਸਿੱਖ ਪਹਿਰਾਵੀ ਸੋਚ ਵਲੋਂ ਜੋ ਬੇਨਤੀ ਚੌਪਈ ਸਿੱਖ ਦੇ ਨਿੱਤਨੇਮ ਦਾ ਹਿੱਸਾ ਬਣਾ ਦਿੱਤੀ ਗਈ ਹੈ, ਉਹ ਕਾਲ ਜਾਂ ਕਾਲਪੁਰਖ ਅੱਗੇ ਹੀ ਕੀਤੀ ਹੋਈ ਅਰਜ਼ੋਈ ਹੈ। ਪਾਠਕ ਵੀ ਉਸ ਕਾਲ ਪੁਰਖ ਨਾਲ ਜਾਣ-ਪਹਿਚਾਣ ਬਣਾ ਲੈਣ, ਜਿਸ ਨੂੰ ਇਹ ਅਖੌਤੀ ਵਿਦਵਾਨ ਮੱਲੋਜ਼ੋਰੀਂ ਗੁਰਮਤਿ ਵਾਲਾ ਅਕਾਲ ਪੁਰਖ ਬਣਾ ਕੇ ਸਿੱਖ ਕੌਮ ਦੇ ਮੋਢੀਂ ਚਾੜ੍ਹੀ ਜਾ ਰਹੇ ਹਨ। ਦੇਖੋ ਦਸਮ ਗ੍ਰੰਥ ਦਾ ਤੇਰ੍ਹਵਾਂ ਚੌਧਵਾਂ ਅਵਤਾਰ, ਪੰਨਾ ੧੯੧-੯੨, **ਅਬ ਮੈ ਗਨੋ ਬਿਸ਼ਨ ਅਵਤਾਰਾ ॥ ਜੈਸਕ ਧਰਯੋ ਸਰੂਪ ਮੁਰਾਰਾ ॥ ਬਿਆਕਲ ਹੋਤੁ ਧਰਨ ਜਬ ਭਾਰਾ ॥ ਕਾਲ ਪੁਰਖ ਪਹਿ ਕਰਤ ਪੁਕਾਰਾ** ॥੧॥ ਹੁਣ ਮੈਂ ਬਿਸ਼ਨ ਅਵਤਾਰ ਨੂੰ ਕਥਨ ਕਰਦਾ ਹਾਂ, ਜਿਸ ਤਰ੍ਹਾਂ ਮੁਰਾਰੀ ਸਰੂਪ ਧਾਰਦਾ ਹੈ। ਧਰਤੀ ਪਾਪਾਂ ਦੇ ਭਾਰ ਨਾਲ ਵਿਆਕੁਲ ਹੋ ਕਾਲ ਪੁਰਖ (ਪੰਡਤ ਨਰੈਣ ਸਿੰਘ ਤੇ ਹੋਰ ਬਿੱਪ੍ਰ ਸੋਚ ਦੇ ਗ਼ੁਲਾਮ, ਚਤੁਰ ਲਿਖਾਰੀ ਇਸੇ ਕਾਲ ਨੂੰ ਅਕਾਲ ਬਣਾ ਦਿੰਦੇ ਹਨ। ਇਹ ਹੈ ਭੇਖ ਨਾਲ ਗ਼ੱਦਾਰੀ, ਮੁੱਖ ਹੋਰ ਤੇ ਮਨ ਹੋਰ) ਪਾਸ ਪੁਕਾਰ ਕਰਦੀ ਹੈ। **ਅਸੁਰ ਦੇਵਤਨ ਦੇਤਿ ਭਜਾਈ ॥ ਛੀਨ ਲੇਤ ਭੂਅ ਕੀ ਠਕੁਰਾਈ ॥ ਕਰਤ ਪੁਕਾਰ ਧਰਣ ਭਰ ਭਾਰਾ ॥ ਕਾਲ ਪੁਰਖ ਤਬ ਹੋਤ ਕ੍ਰਿਪਾਰਾ** ॥੨॥ ਦੈਂਤ, ਦੇਵਤਿਆਂ ਨੂੰ ਭਜਾ ਕੇ ਧਰਤੀ 'ਤੇ ਕਬਜ਼ਾ ਕਰ ਲੈਂਦੇ ਹਨ ਤਦ ਧਰਤੀ ਪੁਕਾਰ ਕਰਦੀ ਹੈ ਤੇ ਕਾਲ ਪੁਰਖ ਧਰਤੀ ਤੇ ਦਿਆਲ ਹੁੰਦਾ ਹੈ। **ਸਭ ਦੇਵਨ ਕੋ ਅੰਸ ਲੈ ਤਤ ਆਪਨ ਠਹਰਾਇ ॥ ਬਿਸ਼ਨ ਰੂਪ ਧਾਰਤ ਤਦਿਨ ਗ੍ਰਿਹ ਅਦਿੱਤ ਕੇ ਆਇ** ॥੩॥ ਸਭ ਦੇਵਤਿਆਂ ਦੇ ਅੰਸ਼ ਲੈ ਕੇ, ਕਾਲ ਪੁਰਖ ਉਸ ਵਿੱਚ ਆਪਨਾ ਤੱਤੂ (ਆਪਣੀ ਸ਼ਕਤੀ) ਮਿਲਾਇ, ਬਿਸ਼ਨ ਰੂਪ ਧਾਰ ਉਸੀ ਦਿਨ, ਅਦਿਤਿ (ਬ੍ਰਹਮਾ ਦੇ ਪੁੱਤਰ ਦਕਸ਼ ਦੀ ਪੁੱਤਰੀ ਜੋ ਕਸ਼ਯਪ ਰਿਸ਼ੀ ਦੀ ਪਤਨੀ ਹੈ) ਦੇ ਘਰ ਪ੍ਰਗਟ ਹੁੰਦਾ ਹੈ। **ਆਨ ਹਰਤ ਪ੍ਰਿਥਵੀ ਕੋ ਭਾਰਾ ॥ ਬਹੁ ਬਿਧਿ ਅਸੁਰਨ ਕਰਤ ਸੰਘਾਰਾ ॥ ਭੂਮ ਭਾਰ ਹਰ ਸੁਰ ਪੁਰ ਜਾਈ ॥ ਕਾਲ ਪੁਰਖ ਮੋ ਰਹਤ ਸਮਾਈ** ॥੪॥ ਉਹ ਬਿਸ਼ਨ ਰੂਪ, ਜਗਤ ਵਿੱਚ ਆ ਕੇ ਧਰਤੀ ਦਾ ਭਾਰ ਦੂਰ ਕਰਦਾ ਤੇ ਬਹੁਤ ਢੰਗਾਂ ਨਾਲ ਦੈਂਤਾਂ ਨੂੰ ਮਾਰਦਾ ਹੈ। ਧਰਤੀ ਦਾ ਭਾਰ ਦੂਰ ਕਰ ਕੇ, ਸੁਰ ਪੁਰ (ਦੇਵਪੁਰੀ, ਦੇਵਲੋਕ) ਵਿੱਚ ਜਾ ਕਾਲ

ਪੁਰਖ ਵਿੱਚ ਅਭੇਦ ਹੋ ਰਹਿੰਦਾ ਹੈ। **ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸ਼ਨ ਮਹੇਸ਼ ॥ ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ਼ ॥੧॥**ਚੌਧਵਾਂ ਅਵਤਾਰ, ਪੰਨਾ ੧੯੨॥ ਕਾਲ ਪੁਰਖ ਦੀ ਦੇਹ ਵਿੱਚ ਕ੍ਰੋੜਾਂ ਵਿਸ਼ਨੂੰ, ਸ਼ਿਵ, ਇੰਦ੍ਰ, ਬ੍ਰਹਮਾ, ਸੂਰਜ ਚੰਦ ਅਤੇ ਵਰਣ ਦੇਵਤਾ ਹਨ।੧। **ਸ੍ਰਮਿਤ ਬਿਸ਼ਨ ਤੱਹ ਰਹਤ ਸਮਾਈ ॥ ਸਿੰਧ ਬਿੰਧ ਜੱਹ ਗਨਯੋ ਨ ਜਾਈ ॥ ਸ਼ੇਸ਼ਨਾਗ ਸੇ ਕੋਟਕ ਤਹਾਂ ॥ ਸੋਵਤ ਸੈਨ ਸਰਪ ਕੀ ਜਹਾਂ ॥੨॥** ਥੱਕਿਆ ਹੋਇਆ ਵਿਸ਼ਨੂੰ (ਸੰਸਾਰ ਸੰਭਾਲਕ ਵਿਸ਼ਨੂੰ ਥੱਕ ਵੀ ਜਾਂਦਾ ਹੈ) ਉੱਥੇ, ਆਪਣੀ ਸਰਪ ਸੇਜਾ 'ਤੇ ਸੁੱਤਾ, ਆਪਣੇ ਆਪ ਵਿੱਚ ਲੀਨ ਰਹਿੰਦਾ ਹੈ, ਉਸ ਵਿੱਚ ਕਿੰਨੇ ਸਾਗਰ, ਧਰਤੀਆਂ ਹਨ, ਗਿਣੇ ਨਹੀਂ ਜਾਂਦੇ। ਉੱਥੇ ਕਰੋੜਾਂ ਸ਼ੇਸ਼ਨਾਗ ਸੁਭਾਇਮਨ ਹਨ ਜਿੱਥੇ ਉਹ, ਭਾਵ ਕਾਲ ਪੁਰਖ ਸੌਂਦਾ ਹੈ।੨। **ਸਹੰਸ੍ਰ ਸੀਸ ਤਬ ਧਰਤਨ ਜੰਗਾ ॥ ਸਹੰਸ੍ਰ ਪਾਵ ਕਰ ਸਹੰਸ ਅਭੰਗਾ ॥ ਸਹੰਸ ਰਾਛ ਸੋਭਤ ਹੈਂ ਤਾਕੇ ॥ ਲਛਮੀ ਪਾਵ ਪਲੋਸਤ ਵਾਕੇ ॥੩॥** ਹਜ਼ਾਰਾਂ ਸਿਰ, ਹਜ਼ਾਰਾਂ ਲੱਤਾਂ ਜਿਸ ਸਰੀਰ ਨੇ ਧਾਰਨ ਕੀਤੀਆਂ ਹੋਈਆਂ ਹਨ। ਜਿਸ ਦੇ ਹਜ਼ਾਰਾਂ ਪੈਰ ਤੇ ਹਜ਼ਾਰਾਂ ਹੱਥ ਨਾ ਟੁੱਟਣ ਵਾਲੇ ਹਨ। ਉਸ ਦੇ ਸਰੀਰ 'ਤੇ ਹਜ਼ਾਰਾਂ ਅੱਖਾਂ ਸ਼ੋਭਦੀਆਂ ਹਨ ਅਤੇ ਲਛਮੀ ਉਨ੍ਹਾਂ ਦੇ ਪੈਰਾਂ ਨੂੰ ਪਲੋਸਦੀ ਹੈ।੩। **ਆਖ਼ਰ ਆ ਹੀ ਗਈ ਬਿੱਲੀ ਥੈਲੇ ਵਿੱਚੋਂ ਬਾਹਰ, ਹੁਣ ਪੰਡਤ ਨਰੈਣ ਸਿੰਘ, ਘੋਸਾ ਜੀ ਅਤੇ ਘੋਸਾ ਜੀ ਦੇ ਪੈਰੋਕਾਰ ਇਸ ਕਾਲ ਪੁਰਖ** (ਸ਼ਕੀਰ ਸੁਕਦਾਈ ਵਿਸ਼ਨੂੰ) **ਨੂੰ, ਜਿਸ ਦੇ ਪੈਰ ਲਛਮੀ** (ਵਿਸ਼ਨੂੰ ਦੀ ਪਤਨੀ ਆਦਿ ਸ਼ਕਤੀ ਸ੍ਰੀ) **ਪਲੋਸਦੀ ਹੈ, ਗੁਰੂਬਾਣੀ ਵਾਲਾ ਨਿਰ-ਆਕਾਰ ਅਕਾਲ ਪੁਰਖ ਕਿਵੇਂ ਬਨਾਉਣਗੇ ?**

ਅੱਗੇ ਇਹ ਮਹਾਂ ਵਿਦਵਾਨ ਪੰਨਾਂ ੯ 'ਤੇ ਲਿਖਦੇ ਹਨ ਕਿ, ਦਸਮ ਗ੍ਰੰਥ ਫੋਬੀਆ ਵਿਦਵਾਨਾਂ ਨੂੰ ਬਚਿੱਤਰ ਨਾਟਕ ਵਿੱਚ ਨਾ ਕਾਲ ਚੱਕਰ ਦੀ ਅਟੱਲ ਸਚਾਈ ਦਿਸੀ ਹੈ, ਨਾ ਹੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੇ ਪਹਿਲੇ ਜਾਮੇ ਵਿੱਚ ਦੱਸੀ ਨਿਰਭਉ ਪਦ ਦੀ ਪ੍ਰਾਪਤੀ ਦੀ ਜੁਗਤੀ ਦਿਸੀ ਹੈ, ਨਾ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਬੀਰ ਰਸ ਭਰਨ ਦਾ ਅਮੁਕ ਵਹਿਣ ਨਜ਼ਰ ਆਇਆ ਹੈ, ਨਾ ਹੀ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਦਸ ਜਾਮਿਆਂ ਰਾਹੀਂ ਪ੍ਰਚਾਰੇ ਨਿਰਭਉ ਸਿਧਾਂਤ ਦੀ ਸਮਝ ਆਈ ਹੈ। ਗੁਰੂ ਖ਼ਾਲਸਾ ਨੂੰ ਦਸਮੇਸ਼ ਪਿਤਾ ਨੇ, '**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**' ਦੀ ਸਮ ਅਵਸਥਾ ਪ੍ਰਦਾਨ ਕੀਤੀ ਹੈ। ਖ਼ਾਲਸਾ ਦੀ ਸਾਜਨਾ ਦਾ ਮੂਲ ਮੰਤਵ ਗੁਣ, ਕਿਰਿਆ ਤੇ ਰਹਿਤ ਬਚਿੱਤ੍ਰ ਨਾਟਕ ਵਿੱਚੋਂ ਪ੍ਰਕਾਸ਼ਮਾਨ ਹੋ ਰਹੀ ਹੈ। ਪਰ ਇਨ੍ਹਾਂ ਵਿਦਵਾਨਾਂ ਨੇ ਅੱਖਾਂ ਮੀਟ ਕੇ ਜਾਂ ਖ਼ਾਲਸਾ ਪੰਥ ਵਿੱਚੋਂ ਬੀਰ ਰਸ ਤੇ ਖ਼ਾਲਸਈ ਗੁਣਾਂ ਦਾ ਅਭਾਵ ਕਰਨ ਲਈ ਪੰਥ ਵਿਰੋਧੀਆਂ ਵਲੋਂ ਰਚੀ ਸਾਜ਼ਿਸ਼ ਅਨੁਸਾਰ ਦਸਮ ਗ੍ਰੰਥ ਦੀ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਾ ਮੰਨਣ ਦੀ ਇੱਕ ਲਹਿਰ ਚਲਾਈ ਹੋਈ ਹੈ, ਇਸੇ ਲਈ ਇਨ੍ਹਾਂ ਨੂੰ ਬਚਿੱਤ੍ਰ ਨਾਟਕ ਵਿੱਚ ਕੋਈ ਵੀ ਗੁਰਮਤ ਦਾ ਗੁਣ ਨਹੀਂ ਦਿਸਿਆ।

ਮਹਾਂ ਵਿਦਵਾਨ ਜੀਓ, ਇਸ ਗ੍ਰੰਥ ਦੇ ਤਤਕਰੇ ਵਿੱਚ, ਬਚਿੱਤ੍ਰ ਨਾਟਕ ਦੀ ਸ਼ੁਰੂਆਤ ਹੀ, ਸ੍ਰੀ ਕਾਲ ਜੀ ਕੀ ਉਸਤਤਿ (ਪੰਨਾ ੩੯) ਨਾਲ ਹੁੰਦੀ ਹੈ। ਦੇਖੋ ਪੰਨਾ ੩੯ ਦੀ ਸ਼ੁਰੂਆਤ, **ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥** ਵਿਦਿਯਾ ਮਾਰਤੰਡ, ਗਿਆਨੀ ਨਰੈਣ ਸਿੰਘ ਵਲੋਂ ਕੀਤੇ ਅਰਥ, ਜਿਨ੍ਹਾਂ ਨੇ ਆਪਣੇ ਟੀਕੇ ਵਿੱਚ, ਸ੍ਰੀ ਵਾਹਿਗੁਰੂ ਜੀ ਕੀ ਫਤਹ ਨੂੰ, ੴ ਸਤਿਗੁਰ ਪ੍ਰਸਾਦਿ ਬਣਾ ਦਿੱਤਾ ਹੈ। ਚਤੁਰਾਈ ਤਹਿਤ, ਪਾਠਕਾਂ ਨੂੰ ਮੂਰਖ ਬਨਾਉਣ ਲਈ, ਸ਼ਬਦਾਂ ਅਤੇ ਅਰਥਾਂ ਵਿੱਚ ਅਦਲਾ ਬਦਲੀ ਕਰਨੀ ਹੀ,

ਵਿਦਿਯਾ ਮਾਰਤੰਡ, ਪੰਡਿਤ ਅਤੇ ਕਾਂਸ਼ੀ ਦੇ ਪੜ੍ਹੇ ਵਿਦਵਾਨ ਹੋਣ ਦੀ ਨਿਸ਼ਾਨੀ ਹੁੰਦੀ ਹੈ। ਇਨ੍ਹਾਂ ਵਿਦਿਯਾ ਮਾਰਤੰਡਾਂ ਅਤੇ ਇਨ੍ਹਾਂ ਦੇ ਪੈਰੋਕਾਰਾਂ (ਖੋਸਾ ਜੀ ਤੇ ਤੁਹਾਡੇ ਜਿਹਾਂ) ਵਲੋਂ ਸਿੱਖ ਕੌਮ ਨਾਲ ਕੀਤੇ ਗਏ ਅਤੇ ਕੀਤੇ ਜਾ ਰਹੇ ਧ੍ਰੋਹ (ਜੋ ਸਤਿਗੁਰਾਂ ਨੇ ਆਪ ਸਿੱਖ ਕੌਮ ਨੂੰ ਦਿੱਤਾ ਹੀ ਨਹੀਂ, ਉਹ ਕੌਮ ਗਲ ਪਾਈ ਜਾਣ) ਦਾ ਫਲ, ਅੱਜ ਪੂਰੀ ਸਿੱਖ ਕੌਮ ਭੋਗ ਰਹੀ ਹੈ। ਅੱਗੇ, **ਨਮਸਕਾਰ ਸ੍ਰੀ ਖੜਗ ਕਉ ਕਰੌਂ ਸੁ ਹਿਤੁ ਚਿਤੁ ਲਾਏ॥ ਪੂਰਨ ਕਰੋ ਗ੍ਰੰਥ ਇਹ ਤੁਮ ਮੁਹਿ ਕਰਹੁ ਸਹਾਇ॥੧॥** (ਸ੍ਰੀ ਖੜਗ) ਸੁੰਦਰ ਤਲਵਾਰ ਨੂੰ (ਮੈ) ਹਿਤ ਚਿੱਤ (ਤਹਿ ਦਿਲੋਂ) ਪੂਰਨ ਪ੍ਰੇਮ ਨਾਲ ਨਮਸ਼ਕਾਰ ਕਰਦਾ ਹਾਂ। ਮੇਰੀ ਸਹਾਇਤਾ ਕਰੋਗੇ ਤਾਂ ਮੈਂ ਇਹ ਗ੍ਰੰਥ ਪੂਰਾ ਕਰ ਲਵਾਂਗਾ। **ਹੈਰਾਨੀ ਜਨਕ, ਅਦਭੁੱਤ, ਨਾ ਸਮਝਣ ਨਾ ਮੰਨਣ ਜੋਗ ਡਰਾਮੇ ਦੀ ਹੈਰਾਨੀ ਜਨਕ ਹੀ ਸ਼ੁਰੂਆਤ**, ਗ੍ਰੰਥ ਲਿਖਣ ਵਾਸਤੇ ਸ੍ਰੀ ਖੜਗ (ਜਿਸ ਨੂੰ ਅਖੌਤੀ ਵਿਦਵਾਨਾਂ ਨੇ ਤਲਵਾਰ ਬਣਾ ਦਿੱਤਾ) ਅੱਗੇ ਨਮਸ਼ਕਾਰ ਕੀਤੀ ਤੇ ਮਦਦ ਮੰਗੀ ਜਾ ਰਹੀ ਹੈ, ਜਦੋਂ ਕਿ ਗ੍ਰੰਥ, ਕਲਮ ਨਾਲ ਲਿਖਿਆ ਜਾਂਦਾ ਹੈ ਤਲਵਾਰ ਨਾਲ ਨਹੀਂ। ਤਲਵਾਰ ਤੇ ਕਲਮ ਕਰਤੇ (ਸਿਰਜਣਹਾਰ, ਅਕਾਲਪੁਰਖ) ਦੇ ਕੀਤੇ ਹੋਏ ਨਾਲ ਹੀ ਸੰਬੰਧਿਤ ਹਨ। ਗੁਰਬਾਣੀ ਦਾ ਆਦੇਸ਼ ਹੈ, **ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥ ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ॥**੧੨੩੯/੧॥ ਤਲਵਾਰ ਤੇ ਕਲਮ ਕਿਸੇ ਦੂਸਰੀ ਤਾਕਤ ਰਾਹੀਂ ਹੀ ਚੱਲ ਸਕਦੀਆਂ ਹਨ। ਉਂਝ ਆਪਣੇ ਆਪ ਵਿੱਚ ਇਹ ਕੁੱਝ ਭੀ ਨਹੀਂ ਹਨ। ਅਸਲ ਵਿੱਚ ਇਹ ਨਮਸ਼ਕਾਰ, ਖੜਗ ਰੂਪੀ, ਦੇਵੀ ਦੁਰਗਾ ਨੂੰ ਕੀਤੀ ਗਈ ਹੈ। ਅੱਗੇ ਹੈ ਸ੍ਰੀ ਕਾਲ ਜੀ ਕੀ ਉਸਤਤਿ, ਇਸ ਟ੍ਰੈਕਟ ਦੇ ਲੇਖਕਾਂ ਨੂੰ, ਇਹ ਕਾਲ, ਸਮਾਂ ਚੱਕਰ ਦਿਖਾਈ ਦਿੰਦਾ, ਜਦ ਕਿ ਇਹ ਇਸ ਲਿਖਤ ਦੇ ਲਿਖਾਰੀ ਦਾ ਇਸ਼ਟ, **ਸਦਾ ਏਕ ਜੋਤਯੰ ਅਜੂਨੀ ਸਰੂਪੰ॥ ਮਹਾਂਦੇਵ ਦੇਵੰ ਮਹਾਂਭੂਪ ਭੂਪੰ॥ ਨਿਰੰਕਾਰ ਨਿੱਤਯੰ ਨਿਰੂਪੰ ਨ੍ਰਿਬਾਣੰ॥ ਕਲੰ ਕਾਰਣੇਯੰ ਨਮੋ ਖੜਗ ਪਾਣੰ॥**੩/੩੯॥ **ਰਣ ਯੋਧਾ (ਕਾਲ, ਮਹਾਂਕਾਲ) ਹੈ।**

ਪਾਠਕ ਇਸ ਪਾਸੇ ਵੀ ਧਿਆਨ ਦੇਣ ਕਿ, ਜੇ ਸਿੱਖ ਧਰਮ ਦੇ ਬਾਨੀ ਜਾਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਕਾਸ਼ਮਾਨ ਬਾਣੀ ਪ੍ਰਗਟ ਹੋਣ ਵਾਲੇ ਕਿਸੇ ਸਰੀਰ ਨੇ, ਆਪਣੇ ਪਿਛਲੇ ਜਾਮੇ ਜਾਂ ਜਨਮ ਬਾਰੇ ਕੋਈ ਜ਼ਿਕਰ ਨਹੀਂ ਕੀਤਾ, ਫਿਰ ਗੁਰੂ ਨਾਨਕ ਜੀ ਦੀ ਦਸਵੀਂ ਜੋਤਿ ਨੂੰ ਕਿਹੜੀ ਐਸੀ ਭੀੜ ਬਣ ਗਈ ਸੀ ਕਿ ਉਨ੍ਹਾਂ ਨੂੰ ਆਪਣਾ ਪਿਛਲਾ ਜਨਮ ਦੱਸਣ ਦੀ ਲੋੜ ਪੈ ਗਈ। ਹੇਮਕੁੰਟ, ਇਸੇ ਧਰਤੀ ਉੱਤੇ, ਮੇਰੇ ਪਿੰਡ ਜਗਤ ਪੁਰ ਜੱਟਾਂ ਤੋਂ ਸਿਰਫ਼ ੬੩੫ ਕਿਲੋਮੀਟਰ ਦੀ ਦੂਰੀ ਉੱਤੇ ਹੈ। ਇਸ ਤਪੱਸਵੀ ਨੇ ਉਸੀ ਜਾਮੇ ਵਿੱਚ (**ਕਬੁਧਿ ਕਰਨ ਤੇ ਲੋਕ ਹਟਾਇ॥** ਵਾਲਾ) ਆਪਣਾ ਪੰਥ ਕਿਉਂ ਨਹੀਂ ਚਲਾਇਆ ? ਗੁਰੂ ਨਾਨਕ ਵਿਚਾਰਧਾਰਾ ਦੇ ਪੈਰੋਕਾਰਾਂ ਵਿੱਚ ਦੁਬਿਧਾ ਪਾਉਣ ਲਈ, ਨਵਾਂ ਜਨਮ ਕਿਉਂ ਲਿਆ ? ਗੁਰਬਾਣੀ ਉਪਦੇਸ਼ ਹੈ, **ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥**੯੪੦/੨॥ ਫਿਰ ਇਹ ਹੇਮਕੁੰਟ ਤਪੱਸਵੀ, ਗਿਆਨ ਗੁਰ ਜੋਤਿ ਦੇ ਘਰ ਜਨਮ ਲੈ ਕੇ ਵੀ, ਆਪਣੇ ਪਿਛਲੇ ਜਨਮ (ਉਹ ਵੀ ਅਧੂਰੇ) ਨੂੰ ਨਾਲ ਕਿਉਂ ਲੈ ਆਇਆ। ਆਪਣੇ ਪਿਛਲੇ ਜਨਮ ਦੇ ਮਾਤਾ ਪਿਤਾ ਦਾ ਨਾਮ ਅਤੇ ਜਨਮ ਸਥਾਨ ਬਾਰੇ ਕਿਉਂ ਨਹੀਂ ਦੱਸਿਆ ? ਜਾਂ ਫਿਰ ਇਹ ਮੰਨ ਲਿਆ ਜਾਵੇ ਕਿ ਕਲਪਿਤ ਦੇਵਤਿਆਂ ਵਾਂਗ, ਇਹ ਹੇਮਕੁੰਟ ਤਪੱਸਵੀ ਵੀ, ਮਾਤਾ ਪਿਤਾ ਰਹਿਤ, ਪ੍ਰਕ੍ਰਿਤੀ ਦੀ ਹੀ ਪੈਦਾਇਸ਼ ਸੀ। ਧਿਆਨ ਦਿਓ, ਮਹਾਂਕਾਲ ਕਾਲਕਾ ਅਰਾਧਣ ਵਾਲੇ ਤਪੱਸਵੀ ਨੂੰ, ਉਸਦਾ ਇਸ਼ਟ ਕਹਿ ਰਿਹਾ ਹੈ ਕਿ ਮੈਂ ਜਿਸਨੂੰ

ਵੀ ਜਗਤ ਵਿੱਚ ਭੇਜਿਆ ਹੈ, ਸਭ ਨੇ ਆਪਣਾ ਨਾਮ ਹੀ ਜਪਾਇਆ ਹੈ, ਸਤਿਨਾਮ ਕਿਸੇ ਨੇ ਦ੍ਰਿੜ ਨਹੀਂ ਕਰਾਇਆ। ਸਭ ਆਪਣੇ ਆਪ ਵਿੱਚ ਹੀ ਉਲਝ ਗਏ, ਪਾਰਬ੍ਰਹਮ ਕਿਸੇ ਨੇ ਨਹੀਂ ਪਛਾਣਿਆ। ਲੇਖਕ ਨੇ ਇਹ ਲਿਖ ਕੇ, ਪਹਿਲੇ ਨੌਂ ਸਿੱਖ ਸਤਿਗੁਰਾਂ ਨੂੰ ਵੀ, ਸਭ ਅਪਨੀ ਅਪਨੀ ਉਰਝਾਨਾ ਵਿੱਚ ਸ਼ਾਮਲ ਕਰ ਦਿੱਤਾ ਹੈ। ਗੁਰੂ ਪੰਥ ਦਾਸੀਓ, ਗੁਰੂ ਨਾਨਕ ਜੀ (**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**) ਦਾ ਹੋਕਾ ਦੇਣ ਤੇ ਬਾਬਰ ਨੂੰ ਜਾਬਰ ਕਹਿਣ ਵਾਲੇ, ਗੁਰੂ ਅਰਜਨ ਜੀ, ਤੱਤੀਆਂ ਤਵੀਆਂ ਉੱਤੇ ਬੈਠ ਹਰ ਤਸੀਹਾ ਸਹਿਨ ਕਰ ਲੈਣ ਵਾਲੇ, ਚਾਰ ਯੁੱਧਾਂ ਦੇ ਪੂਰਨ ਜੇਤੂ ਛੇਵੇਂ ਪਾਤਿਸ਼ਾਹ ਅਤੇ ਉਨ੍ਹਾਂ ਦੇ ਸੂਰਬੀਰ ਯੋਧੇ, ਨਿਰਭੈ ਹੋ ਕੇ ਸੀਸ ਦੇਣ ਵਾਲੇ ਗੁਰ ਤੇਗ਼ ਬਹਾਦਰ ਜੀ, ਕੀ ਇਹ ਸਭ ਬੀਰ ਰਸ ਤੋਂ ਸੱਖਣੇ ਹੀ ਸਨ ? ਤੁਹਾਡੀ ਲਿਖਤ ਵਿੱਚੋਂ ਉਭਰਦੀ ਸੋਚ ਤਾਂ ਇਹ ਜ਼ਾਹਰ ਕਰਦੀ ਹੈ ਕਿ ਤੁਹਾਡੇ ਇਸ਼ਟ ਦਸਮ ਗ੍ਰੰਥ ਦੀ ਲੱਗੀ ਐਨਕ, ਤੁਹਾਨੂੰ ਹੋਰ ਕੁੱਝ ਦਿਸਣ ਹੀ ਨਹੀਂ ਦਿੰਦੀ। ਖੋਸਾ ਜੀ ਦੇ ਪੈਰੋਕਾਰ ਤਾਂ ਬਚਿੱਤ੍ਰ ਨਾਟਕ ਦਾ ਪੂਰਾ ਅਧਿਐਨ ਕਰ ਚੁੱਕੇ (ਉਂਝ ਭਾਵੇਂ ਇਹ ਜਾਣਦੇ ਹੀ ਨਹੀਂ ਕਿ ਚਰਿਤ੍ਰੋ ਪਖਯਾਨ ੪੦੪ ਹਨ ਜਾਂ ੪੦੫) ਹਨ। ਫਿਰ ਇਨ੍ਹਾਂ ਤੋਂ ਇਹ ਤਾਂ ਪੁੱਛਿਆ ਜਾ ਹੀ ਸਕਦਾ ਹੈ ਕਿ, ਜਿਸ ਮਨੋਰਥ (**ਪੰਥੁ ਪ੍ਰਚੁਰ ਕਰਬੇ ਕਹ ਸਾਜਾ**) ਲਈ, ਹੇਮਕੁੰਟ ਤਪੱਸਵੀ ਜੀ, ਦੁਬਾਰਾ ਜਨਮ ਲੈ ਕੇ ਜਗ ਵਿੱਚ ਆਏ ਸਨ, ਉਸ ਮਨੋਰਥ (**ਖ਼ਾਲਸਾ ਸਾਜਨਾ**) ਦਾ ਆਪਣੀ ਜੀਵਨੀ ਵਿੱਚ ਜ਼ਿਕਰ ਤੱਕ ਕਿਉਂ ਨਹੀਂ ਕੀਤਾ ? ਪਰ ਇਹ ਲਿਖਾਰੀ, ਪੰਥ ਚਲਾਉਣ ਹਿਤ (ਪਿਛਲੇ ਜਨਮ ਵਿੱਚ) ਕੀਤੀ ਜਾਚਨਾ ਦਾ ਹੀ ਰਾਗ ਅਲਾਪੀ ਜਾ ਰਹੇ ਹਨ।

ਬਿੱਪ੍ਰਵਾਦੀ ਰੰਗਤ ਦੀ ਪੁੱਠ ਚੜ੍ਹੇ ਵਿਦਵਾਨੋਂ, ਜਿੰਨੀ ਤੁਹਾਡੀ ਵਾਹ ਲੱਗਦੀ ਲਾ ਲਵੋ, ਜਿੰਨਾ ਦਿਲ ਚਾਹੇ ਕੋਸ਼ਿਸ਼ ਕਰ ਲਵੋ, ਤੁਸੀਂ ਅਖੌਤੀ ਦਸਮ ਗ੍ਰੰਥ ਦੇ ਕਾਲ, ਕਾਲ ਪੁਰਖ, ਮਹਾਂਕਾਲ ਅਤੇ ਸ਼ਬਦ ਬਦਲੀ ਕਰਕੇ ਬਣਾਏ ਅਕਾਲ ਪੁਰਖ, ਕਾਲਕਾ, ਭਗਉਤੀ, ਮਹਾਂ ਸ਼ਕਤੀ ਆਦਿ ਨੂੰ, ਗੁਰੂਬਾਣੀ ਵਿਚਾਰਧਾਰਿਕ ਅਕਾਲ ਪੁਰਖ, ਨਾ ਹੀ ਬਣਾ ਸਕਦੇ ਹੋ ਅਤੇ ਨਾ ਹੀ ਸਿੱਧ ਕਰ ਸਕਦੇ ਹੋ। ਤੁਹਾਡੇ ਹਰ ਝੂਠ ਅਤੇ ਖੋਖਲੇ ਦਾਹਵੇ ਨੂੰ, ਤੁਹਾਡੇ ਇਸ਼ਟ (ਦਸਮ ਗ੍ਰੰਥ) ਵਿੱਚੋਂ ਹੀ ਪ੍ਰਮਾਣ ਦੇ ਕੇ ਗ਼ਲਤ ਸਿੱਧ ਜਾਂ ਰੱਦ ਕੀਤਾ ਜਾ ਸਕਦਾ ਹੈ।

ਪੰਨਾ ੧੧ ਉੱਤੇ ਲਿਖਦੇ ਹਨ ਕਿ, ੪੦੫ ਚਰਿੱਤ੍ਰ ਵਿੱਚ ਹੀ ਦਸਮੇਸ਼ ਜੀ ਨੇ ਕਹਾਣੀ ਤੋਂ ਵੱਖਰੀ ਆਪਣੀ ਕ੍ਰਿਤ ਭਾਵ 'ਕਬਿਯੋ ਬਾਚ ਬੇਨਤੀ ਚੌਪਈ ਪਾ: ੧੦, ਹਮਰੀ ਕਰੋ ਹਾਥ ਦੈ ਰੱਛਾ' ਦਰਜ ਹੈ ਜੋ ਅੰਮ੍ਰਿਤ ਪ੍ਰਚਾਰ ਤੇ ਨਿੱਤਨੇਮ ਦੀ ਬਾਣੀ ਗੁਰੂ ਖ਼ਾਲਸਾ ਸਾਜਣ ਸਮੇਂ ਤੋਂ ਤੁਰੀ ਆਉਂਦੀ ਹੈ। **ਦਸਮ ਗ੍ਰੰਥ ਦੇ ਪੂਰਨ ਹਮਾਇਤੀਓ**, ਤੁਸੀਂ ਤਾਂ ਇਹ ਵੀ ਨਹੀਂ ਜਾਣਦੇ ਕਿ ਚੌਪਈ ਵਾਲੇ ਇਸ ਚਰਿੱਤ੍ਰ ਦਾ ਨੰਬਰ ਕੀ ਹੈ। ਇਹ ੪੦੫ਵਾਂ ਚਰਿੱਤ੍ਰ ਤੁਸੀਂ ਕਿੱਥੋਂ ਪੈਦਾ ਕਰ ਲਿਆ। ਤੁਹਾਡੀ ਜਾਣਕਾਰੀ ਲਈ ਦੱਸ ਦੇਵਾਂ ਕਿ, ਤੁਹਾਡੇ ਇਸ਼ਟ ਦਸਮ ਗ੍ਰੰਥ ਵਿੱਚ, ੪੦੪ ਚਰਿੱਤ੍ਰ ਹੀ ਹਨ, ੪੦੫ ਨਹੀਂ ਅਤੇ ੪੦੪ ਨੰਬਰ ਚਰਿੱਤ੍ਰ ਦੇ ਛੰਦ ਬੰਦ ਦੀ ਗਿਣਤੀ ੪੦੫ ਹੈ। ਇਹ ਚਰਿੱਤ੍ਰ ਇਸ ਗ੍ਰੰਥ ਦੇ ੧੩੫੯ ਪੰਨੇ ਤੋਂ ਸ਼ੁਰੂ ਹੋ ਕੇ, ੧੩੮੮ ਉੱਤੇ ਸਮਾਪਤ ਹੁੰਦਾ ਹੈ। ਇਸ ਸਾਰੀ (ਸ਼ੁਰੂ ਤੋਂ ਅੰਤ) ਦੇਵ ਦੈਂਤ ਯੁੱਧ ਗਾਥਾ ਵਿੱਚ, ਪਾ: ੧੦ ਦਾ ਕੋਈ ਸੰਕੇਤ ਤੱਕ ਨਹੀਂ ਹੈ, ਫਿਰ ਤੁਹਾਡੇ ਜਿਹੇ ਮਹਾਂ ਵਿਦਵਾਨ, ਪਾਤਿਸ਼ਾਹੀ ੧੦॥ ਕਿਉਂ ਅਤੇ ਕਿਸ ਆਧਾਰ 'ਤੇ ਲਿਖਦੇ ਅਤੇ ਦਾਹਵਾ ਕਰਦੇ ਹੋ ਕਿ

ਇਹ ਲਿਖਤ ਦਸਵੇਂ ਪਾਤਿਸ਼ਾਹ ਦੀ ਹੈ ? ਪੌਰਾਣਿਕ ਗਾਥਾਵਾਂ ਨੂੰ, ਬਿਨ ਕਿਸੇ ਠੋਸ ਪ੍ਰਮਾਣ ਦੇ, ਗੁਰੂ ਨਾਨਕ ਜੋਤਿ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜੋੜਨ ਦਾ ਤੁਹਾਨੂੰ ਕੀ ਮੁਫ਼ਾਦ (ਇਵਜ਼ਾਨਾ, ਲਾਭ) ਮਿਲਦਾ ਹੈ ? ਖ਼ੈਰ ਬਿੱਪ੍ਰੀ ਵਿਦਵਾਨ, ਸ਼ਬਦਾਵਲੀ ਵਿੱਚ ਵਾਧ ਘਾਟ ਕਰਨਾ ਕੋਈ ਗੁਨਾਹ ਨਹੀਂ ਸਮਝਦੇ ਸਗੋਂ ਹੇਰ ਫੇਰ ਕਰ ਕੇ, ਭੋਲੀ ਲੋਕਾਈ ਨੂੰ ਭੰਬਲਭੂਸੀਂ ਪਾਉਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਹਨ।

ਟ੍ਰੈਕਟ ਪੰਨਾ ੧੫, ਉੱਤੇ ਇਹ ਗੁਰੂ ਪੰਥ ਦੇ ਦਾਸ ਲਿਖਦੇ ਹਨ—ਇੱਕ ਹੋਰ ਗੁਰੂ ਨਿੰਦਕ ਵਿਦਵਾਨ ਦਾ ਕਹਿਣਾ ਹੈ ਕਿ ਪ੍ਰਿਥਮ ਭਗੌਤੀ ਸਿਮਰਿ ਕੇ, ਦੇ ਥਾਂ ਪ੍ਰਿਥਮ ਅਕਾਲ ਸਿਮਰ ਕੇ, ਕਹਿਣਾ ਚਾਹੀਦਾ ਹੈ। ਹੈਰਾਨੀ ਹੈ ਕਿ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਭਗੌਤੀ ਭਗਵੰਤ ਭਗਤਿ ਕਾ ਰੰਗ ਤੇ ਦਸਮੇਸ਼ ਜੀ ਦੇ ਉਚਾਰਨ ਕੀਤੇ ਸ੍ਰੀ ਮੁਖ ਵਾਕ, ਸ੍ਰੀ ਭਗੌਤੀ ਜੀ ਸਹਾਇ ਦੇ ਅਰਥ ਭਾਵ ਉੱਕਾ ਹੀ ਨਹੀਂ ਪਤਾ।

ਵਾਹ ਭਗੌਤੀ (ਦੇਵੀ, ਜਿਸਨੂੰ ਤੁਸੀਂ ਬਣਾਇਆ ਖੜਗ, ਤਲਵਾਰ) ਦੇ ਭਗਤੋ, ਭਗਉਤੀ, ਖੜਗ, ਤਲਵਾਰ, ਨਾਰਿ ਰੂਪ ਹੈ। ਕੀ ਤੁਸੀਂ ਨਹੀਂ ਜਾਣਦੇ ਕਿ ਗੁਰਮਤਿ ਦਾ ਅਕਾਲ ਪੁਰਖ, ਪੁਰਖ ਹੈ, ਨਾਰਿ ਨਹੀਂ। ਜੋ ਵੀ ਕੋਈ ਗੁਰੂਬਾਣੀ ਉਪਦੇਸ਼, ਗੁਰਬਾਣੀ ਸਿਧਾਂਤ, **ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥** ਦੀ ਗੱਲ ਕਰਦਾ ਹੈ, ਉਹ ਭਗੌਤੀ ਭਗਤਾਂ ਨੂੰ ਗੁਰੂ ਨਿੰਦਕ ਦਿਖਾਈ ਦਿੰਦਾ ਹੈ ਅਤੇ ਨਿਗੁਰੀਆਂ ਅਤੇ ਨਿਖਸਮੀਆਂ, ਗੁਰੂਬਾਣੀ ਵਿਚਾਰਧਾਰਾ ਦੀਆਂ ਵਿਰੋਧੀ ਲਿਖਤਾਂ ਨੂੰ ਮੱਲੋਜ਼ੋਰੀਂ ਦਸਮੇਸ਼ ਕ੍ਰਿਤ ਬਨਾਉਣ ਅਤੇ ਸਿੱਖ ਕੌਮ ਦੇ ਗਲ ਪਾਉਣ ਵਾਲੇ (ਬਿੱਪ੍ਰ ਸੋਚ ਦੇ ਗ਼ੁਲਾਮ), ਗੁਰੂ ਦੇ ਸ਼ੁਭਚਿੰਤਕ ਦਿਖਾਈ ਦਿੰਦੇ ਹਨ। ਪਾਠਕ ਇਸ ਪਾਸੇ ਵੀ ਧਿਆਨ ਦੇਣ ਕਿ ਇਹ ਗੁਰੂ ਪੰਥ ਦੇ ਦਾਸ, ਹਰ ਲਿਖਤ ਅਤੇ ਗੁਰੂਬਾਣੀ ਦੇ ਸ਼ਬਦਾਂ ਨੂੰ, ਕਿਵੇਂ ਨਿਡਰ ਹੋ ਕੇ ਬਦਲ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ, **ਭਗਉਤੀ ਭਗਵੰਤ ਭਗਤਿ ਕਾ ਰੰਗੁ** ॥੨੭੪/੧੦॥ ਵਾਲੀ ਪੰਗਤੀ ਨੂੰ ਇਹ ਲਿਖਾਰੀ, 'ਭਗੌਤੀ ਭਗਵੰਤ ਭਗਤਿ ਕਾ ਰੰਗ' ਲਿਖਦੇ ਹਨ। ਭਗਉਤੀ ਨੂੰ ਭਗੌਤੀ ਬਣਾ ਦੇਣਾ ਅਤੇ 'ਰੰਗੁ' ਨੂੰ 'ਰੰਗ' ਭਾਵ ਔਂਕੜ ਰਹਿਤ ਕਰ ਦੇਣਾ ਇਹ ਜ਼ਾਹਰ ਕਰ ਦਿੰਦਾ ਹੈ ਕਿ ਇਹ ਗੁਰੂ ਪੰਥ ਦੇ ਦਾਸ, ਗੁਰੂਬਾਣੀ ਲਿਖਣ ਵੇਲੇ, ਗੁਰੂਬਾਣੀ ਦਾ ਕਿੰਨਾ ਕੁ ਸਤਿਕਾਰ ਕਰਦੇ ਅਤੇ ਧਿਆਨ ਰੱਖਦੇ ਹਨ। ਸਿੱਖ ਕੌਮ ਦੇ ਸ਼ਬਦ ਸਰੂਪ ਸਦੀਵੀ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਤੇ ਸੰਪ੍ਰਦਾਈਆਂ ਦੇ ਬਣਾਏ ਬਚਿੱਤ੍ਰ ਨਾਟਕ (ਤੋਂ ਦਸਮ ਗ੍ਰੰਥ) ਦੀ ਸਮੂਹ ਲਿਖਤ ਵਿੱਚ, ਭਗੌਤੀ ਸ਼ਬਦ ਹੈ ਹੀ ਨਹੀਂ। ਸਹੀ ਸ਼ਬਦ ਭਗਉਤੀ ਹੈ। ਹੈਰਾਨੀ ਹੈ ਕਿ ਭਗਉਤੀ ਦੇ ਭਗਤਾਂ ਨੂੰ, ਆਪਣੇ ਇਸ਼ਟ ਦੇ ਨਾਮ ਦੀ ਸ਼ਬਦਾਵਲੀ ਬਾਰੇ ਵੀ ਜਾਣਕਾਰੀ ਨਹੀਂ। ਭਗਉਤੀ ਦੇ ਅਰਥ ਕੀ ਹਨ, ਇਹ ਮਹਾਂ ਵਿਦਵਾਨ ਭਾਈ ਸਾਹਿਬ ਸਿੰਘ ਦੇ ਕੀਤੇ ਅਰਥਾਂ ਵਿੱਚੋਂ ਆਪ ਹੀ ਦੇਖ ਲੈਣ।

ਇਸੇ ੧੫ ਪੰਨੇ ਉੱਤੇ ਅੱਗੇ ਲਿਖਦੇ ਹਨ, ਗੁਰੂ ਪੰਥ ਦਾ ਹੁਕਮ ਹੈ ਕਿ ਅਰਦਾਸ ਦੀ ਪਹਿਲੀ ਪਉੜੀ ਜੋ ਕਿ ਦਸਮੇਸ਼ ਕ੍ਰਿਤ ਚੰਡੀ ਦੀ ਵਾਰ ਵਿੱਚੋਂ ਹੈ, ਵਾਰ ਸ੍ਰੀ ਭਗੌਤੀ ਜੀ ਤੋਂ ਲੈ ਕੇ ਸਭ ਥਾਈਂ ਹੋਇ ਸਹਾਇ ਤੱਕ ਕਿਸੇ ਅੱਖਰ ਦਾ ਵਾਧਾ ਘਾਟਾ ਨਹੀਂ ਹੋ ਸਕਦਾ।

ਕਿੰਨੀ ਚਤੁਰਾਈ (ਇਸ ਨੂੰ ਮੱਕਾਰੀ ਵੀ ਕਿਹਾ ਜਾ ਸਕਦਾ ਹੈ) ਵਰਤ ਰਹੇ ਹਨ ਇਹ ਲਿਖਾਰੀ। ਕੀ ਇਹ ਕਿਸੇ ਗੁਰੂ ਪੰਥ ਦੇ ਹੁਕਮ ਜਾਂ ਸਿੱਖ ਰਹਿਤ ਮਰਯਾਦਾ ਵਿੱਚ,

ਜੋ ਕਿ ਦਸਮੇਸ਼ ਕ੍ਰਿਤ ਚੰਡੀ ਦੀ ਵਾਰ ਵਿੱਚੋਂ ਹੈ, ਲਿਖਿਆ ਦਿਖਾ ਸਕਦੇ ਹਨ। ਦੇਖੋ ਰਹਿਤ ਮਰਯਾਦਾ ਦੀ ਲਿਖਤ ਵਿੱਚ ਅਰਦਾਸ ਦੇ ਹੇਠ ਦਿੱਤੀ ਲਿਖਤ, ਪ੍ਰਿਥਮ ਭਗੌਤੀ ਵਾਲੇ ਸ਼ਬਦ ਅਤੇ ਨਾਨਕ ਨਾਮ ਵਾਲੀਆਂ ਅੰਤਲੀਆਂ ਦੋ ਤੁਕਾਂ ਵਿੱਚ ਤਬਦੀਲੀ ਨਹੀਂ ਹੋ ਸਕਦੀ। ਹੁਣ ਇਨ੍ਹਾਂ ਲਿਖਾਰੀਆਂ ਦੀ ਲਿਖਤ ਨਾਲ ਮੇਲ ਕੇ ਦੇਖੋ ਕਿ, ਸ਼ਬਦ ਬਦਲੀ ਵਿੱਚ ਇਹ ਕਿੰਨੇ ਮਾਹਰ ਅਤੇ ਇਮਾਨਦਾਰ ਹਨ।

ਪੰਜਵੇਂ ਪੰਨੇ ਉੱਤੇ ਇਹ ਭਗਉਤੀ ਭਗਤ ਲਿਖਦੇ ਹਨ ਕਿ ਬਚਿੱਤ੍ਰ ਨਾਟਕ ਗ੍ਰੰਥ ਬ੍ਰਿਮਣੀ ਮੁੱਖ ਧਾਰਾ ਦੇ ਪਖੰਡ ਦਾ ਪਾਜ ਉਘਾੜਦਾ ਹੈ, ਖ਼ਾਲਸਾ ਪੰਥ ਨਿਰੋਲ ਵਿਲੱਖਣ ਅਤੇ ਸਹੀ ਰੂਪ ਵਿੱਚ ਬਚਿੱਤ੍ਰ ਨਾਟਕ ਵਿੱਚੋਂ ਉਘੜਦਾ ਹੈ।

ਵਾਹ, ਦੇਵੀ ਦੇਵਤਿਆਂ ਦਿਓ ਭਗਤੋ, ਤੁਹਾਡੀ ਚਤੁਰਾਈ ਤਾਂ ਮਹਾਂ ਪੰਡਤਾਂ ਨੂੰ ਵੀ ਮਾਤ ਪਾਈ ਜਾ ਰਹੀ ਹੈ। ਤੁਹਾਡੀ ਸੋਚ, ਗੁਰੂ ਨਾਨਕ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ ਪ੍ਰਕਾਸ਼ਮਾਨ (ਸੰਪੂਰਨ) ਹੋ ਚੁੱਕੇ ਗੁਰਬਾਣੀ ਗ੍ਰੰਥ ਦੀ ਵਿਚਾਰਧਾਰਾ ਬਾਰੇ ਤਾਂ ਅਨਜਾਣਤਾ ਦਿਖਾ ਸਕਦੀ ਹੈ ਪਰ ਬਚਿੱਤ੍ਰ ਨਾਟਕ ਦੀ ਅਸਲ ਸਚਾਈ ਨੂੰ ਲੁਕੋ ਕੇ, ਨਿਰੋਲ ਝੂਠ ਨੂੰ ਸੱਚ ਬਨਾਉਣ ਵਿੱਚ ਪੂਰੀ ਮੁਹਾਰਤ ਹਾਸਲ ਕਰ ਚੁੱਕੀ ਹੈ। ਗੁਰੂਬਾਣੀ ਉਪਦੇਸ਼ ਹੈ, **ਸਤਿਗੁਰ ਕੈ ਜਨਮੇ ਗਵਨੁ ਮਿਟਾਇਆ** ॥੯੪੦/੨॥ ਫਿਰ ਇਹ ਹੇਮਕੁੰਟੀ ਤਪੱਸਵੀ, ਗਿਆਨ ਗੁਰ ਜੋਤਿ ਦੇ ਘਰ ਜਨਮ ਲੈ ਕੇ ਵੀ ਆਪਣੇ ਪਿਛਲੇ ਜਨਮ ਨੂੰ ਨਾਲ ਕਿਉਂ ਲੈ ਆਇਆ। ਦਸਮ ਗ੍ਰੰਥ ਦੇ ਪੈਰੋਕਾਰਾਂ ਨੂੰ, ਗੁਰ ਉਪਦੇਸ਼ ਦੀ ਕੀ ਪਰਵਾਹ। ਸੁਹਿਰਦ ਪਾਠਕੋ ਜ਼ਰਾ ਧਿਆਨ ਨਾਲ ਪੜ੍ਹਿਓ, ਇਹ ਪੰਥ ਗੁਰੂ ਜਾਂ ਕਾਲ ਕਰਾਚੋਲੀ ਦੇ ਦਾਸ ਲਿਖਦੇ ਹਨ ਕਿ, ਦਸਮ ਗ੍ਰੰਥ ਵਿਰੋਧੀਆਂ ਨੂੰ ਗੁਰੂ ਗੋਬਿੰਦ ਸਿੰਘ ਦੇ ਪਹਿਲੇ ਜਾਮੇ ਵਿੱਚ ਦੱਸੀ ਨਿਰਭਉ ਪਦ ਪ੍ਰਾਪਤੀ ਦੀ ਜੁਗਤੀ ਨਹੀਂ ਦਿਸੀ, ਨਾ ਹੀ ਬੀਰ ਰਸ ਭਰਨ ਦਾ ਅਮੁੱਕ ਵਹਿਣ ਨਜ਼ਰ ਆਇਆ। ਖ਼ਾਲਸਾ ਦੀ ਸਾਜਨਾ ਦਾ ਮੂਲ ਮੰਤਵ, ਕਿਰਿਆ ਤੇ ਰਹਿਤ, ਬਚਿੱਤ੍ਰ ਨਾਟਕ ਵਿੱਚੋਂ ਹੀ ਪ੍ਰਕਾਸ਼ਮਾਨ ਹੁੰਦੀ ਹੈ। **ਬਚਿੱਤ੍ਰ ਨਾਟਕੀ ਭਗਤਾਂ ਨੂੰ**, ਇਹ ਤਾਂ ਪੁੱਛਿਆ ਹੀ ਜਾ ਸਕਦਾ ਹੈ ਕਿ, ਮਹਾਂਕਾਲ ਕਾਲਕਾ ਆਰਾਧਣ ਵਾਲੇ ਤਪੱਸਵੀ ਨੂੰ, ਉਸ ਦੇ ਇਸ਼ਟ ਨੇ ਆਪਣਾ ਪੁੱਤ ਬਣਾ ਕੇ ਕਿਸ ਕਾਰਜ ਵਾਸਤੇ ਭੇਜਿਆ ਸੀ ? **ਪੰਥ ਪ੍ਰਚੁਰ ਕਰਬੇ ਕੱਹ ਸਾਜਾ ॥** ਕੀ ਇਸ ਬਚਿੱਤ੍ਰ ਨਾਟਕੀ ਲਿਖਤ ਵਿੱਚ, ਪੰਥ ਪ੍ਰਚੁਰ ਕਰਨ ਬਾਰੇ ਜਾਂ ਗੁਰੂ ਨਾਨਕ ਜੋਤਿ, ਗੁਰੂ ਗੋਬਿੰਦ ਸਿੰਘ ਜੀ ਦੇ ਅਸਲ ਮਨੋਰਥ ਖ਼ਾਲਸਾ ਪ੍ਰਗਟ ਕਰਨ ਬਾਰੇ ਕੋਈ ਜ਼ਿਕਰ, ਕੋਈ ਸੰਕੇਤ ਹੈ ? ਜਿਸ ਪੰਥ ਦੇ ਤੁਸੀਂ ਦਾਸ ਬਣ ਰਹੇ ਹੋ, ਉਸ ਪੰਥ ਦੀ ਸਾਜਨਾ ਦਾ ਕੋਈ ਜ਼ਿਕਰ ਹੈ ? ਨਹੀਂ ਖ਼ਾਲਸਾ ਸਾਜਨਾ ਦਾ ਕੋਈ ਸੰਕੇਤ ਤੱਕ ਨਹੀਂ ਹੈ। ਹਾਂ, ਗੁਰੂ ਨਾਨਕ ਦੇ ਚਲਾਏ ਪੰਥ ਨੂੰ ਚੋਰੀ (ਪ੍ਰਚੁਰ) ਕਰਨ ਦਾ ਸੰਕੇਤ ਜ਼ਰੂਰ ਹੈ। ਇਸੇ ਕਰਕੇ ਇਸ ਦੇ ਪੈਰੋਕਾਰਾਂ ਨੂੰ ਵੀ, ਝੂਠ ਬੋਲਣ, ਝੂਠ ਲਿਖਣ, ਝੂਠ ਛਾਪਣ ਅਤੇ ਝੂਠ ਪ੍ਰਚਾਰਨ ਵਿੱਚ ਕੋਈ ਸੰਕੋਚ ਜਾਂ ਸ਼ਰਮ ਮਹਿਸੂਸ ਨਹੀਂ ਹੁੰਦੀ।

ਹੁਣ ਥੋੜਾ ਬਚਿੱਤ੍ਰ ਨਾਟਕ ਗਾਥਾ ਉੱਤੇ ਵੀ ਝਾਤ ਮਾਰ ਲਈਏ। ਇਸ ਗਾਥਾ ਦੇ ੩੯ ਪੰਨੇ ਤੋਂ ੭੩ ਤੱਕ, ੧੪ ਧਿਆਇ ਹਨ। ਪਹਿਲਾ ਧਿਆਇ, ਸ਼ੁਰੂਆਤ : **ਨਮਸ਼ਕਾਰ ਸ੍ਰੀ ਖੜਗ ਕੋ ਕਰੋ ਸੁ ਹਿਤੁ ਚਿਤੁ ਲਾਇ ॥ ਪੂਰਨ ਕਰੌ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ** ॥੧/੩੯॥ ਗ੍ਰੰਥ (ਗਾਥਾ) ਪੂਰੀ ਕਰਨ ਲਈ ਸ੍ਰੀ ਖੜਗ ਨੂੰ ਨਮਸ਼ਕਾਰ

ਤੇ ਸਹਾਇਤਾ ਲਈ ਬੇਨਤੀ ਕੀਤੀ ਜਾ ਰਹੀ ਹੈ। ਸ੍ਰੀ ਖੜਗ ਨੂੰ ਭਾਵੇਂ ਕਿਰਪਾਨ, ਤਲਵਾਰ ਬਣਾ ਲਵੋ ਤੇ ਭਾਵੇਂ ਦੁਰਗਾ, ਦੋਵਾਂ ਅੱਗੇ ਹੀ ਨਮਸ਼ਕਾਰ ਕਰਨੀ ਤੇ ਸਹਾਇਤਾ ਲਈ ਬੇਨਤੀ ਕਰਨੀ, ਗੁਰਮਤਿ ਸਿਧਾਂਤ ਦੀ ਖੰਡਨਾ ਹੈ। ਅਗਲੇ ਬੰਦ ਤੋਂ ਸ੍ਰੀ ਕਾਲ (ਪੌਰਾਣਿਕ ਗਾਥਾਵੀ ਸ਼ਕੀਰ ਸੁਕਦਾਈ ਵਿਸ਼ਨੂੰ ਦਾ ਅਵਤਾਰੀ ਰੂਪ ਮਹਾਂਕਾਲ) ਜੀ ਕੀ ਉਸਤਤਿ ਸ਼ੁਰੂ ਹੁੰਦੀ ਹੈ, **ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ॥ ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥ ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ॥ ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥੨/੩੯॥** ਇਹ ਨਿਰੋਲ ਸ੍ਰੀ (ਦੁਰਗਾ ਦੇਵੀ, ਜਗ ਦੀ ਰਚਨਹਾਰ) ਆਦਿ ਸ਼ਕਤੀ ਤੇ ਉਸਦੀ ਤੇਗ਼ੰ (ਤਲਵਾਰ) ਦੀ ਜੈ ਜੈ ਕਾਰ ਕੀਤੀ ਹੋਈ ਹੈ। ਜਿਸਦਾ ਗੁਰੂਬਾਣੀ ਦੇ ਨਿਰਆਕਾਰੀ ਅਕਾਲ ਪੁਰਖ ਨਾਲ ਕੋਈ ਵਾਸਤਾ ਹੀ ਨਹੀਂ ਹੈ, ਪਰ ਅਗਿਆਨੀ ਕੀਰਤਨੀਏ, ਗੁਰੂ ਦਰਬਾਰੀ ਮੰਚ ਉੱਤੇ, ਬੜੇ ਜੋਸ਼ ਨਾਲ, ਜੈ ਤੇਗ਼ੰ, ਜੈ ਤੇਗ਼ੰ ਦਾ ਖੌਰੂ ਪਾਉਂਦੇ ਦੇਖੇ ਜਾ ਸਕਦੇ ਹਨ। **ਸਦਾ ਏਕ ਜੋਤਯੰ ਅਜੂਨੀ ਸਰੂਪੰ॥ ਮਹਾਂਦੇਵ ਦੇਵੰ ਮਹਾਂ ਭੂਪ ਭੂਪੰ॥ ਨਿਰੰਕਾਰ ਨਿੱਤਯੰ ਨਿਰੂਪੰ ਨ੍ਰਿਬਾਣੰ॥ ਕਲੰ ਕਾਰਣੇਯੰ ਨਮੋ ਖੜਗ ਪਾਣੰ॥ ਨਿਰੰਕਾਰ ਨ੍ਰਿਬਿਕਾਰ ਨਿੱਤਯੰ ਨਿਰਾਲੰ॥ ਨ ਬ੍ਰਿੱਧੰ ਬਿਸੇਖੰ ਨ ਤਰੁਨੰ ਨ ਬਾਲੰ॥ ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ॥ ਨ ਰੰਗੰ ਨ ਰਾਗੰ ਅਪਾਰੰ ਅਭੇਖੰ॥ ਨ ਰੂਪੰ ਨ ਰੇਖੰ ਨ ਰੰਗੰ ਨ ਰਾਗੰ॥ ਨਾ ਨਾਮੰ ਨ ਠਾਮੰ ਮਹਾਂ ਜੋਤਿ ਜਾਗੰ॥ ਨ ਦ੍ਵੈਖੰ ਨ ਭੇਖੰ ਨਿਰੰਕਾਰ ਨਿੱਤਯੰ॥ ਮਹਾਂ ਜੋਗ ਜੋਗੰ ਸੁ ਪਰਮੰ ਪਵਿਤ੍ਰਯੰ॥੩੯॥** ਇਹ ਪੌਰਾਣਿਕ ਮਹਾਂ ਵਿਸ਼ਨੂੰ ਦੀ ਉਸਤਤਿ ਹੋ ਰਹੀ ਹੈ ਜਿਸ ਨੂੰ ਸਿੱਖ ਬਾਨੇ ਵਿੱਚ ਸ਼ਿੰਗਾਰੀ ਬਿੱਪ੍ਰ ਬੁੱਧੀ, ਗੁਰੂਬਾਣੀ ਵਾਲਾ ਅਕਾਲ ਪੁਰਖ ਬਣਾ ਕੇ ਸਿੱਖ ਕੌਮ ਸਿਰ ਥੋਪੀ ਜਾ ਰਹੀ ਹੈ।

ਅੱਗੇ ਪੜ੍ਹੋ, ਅਸਲ ਸਚਾਈ ਕਿਵੇਂ ਜ਼ਾਹਰ ਹੋ ਰਹੀ ਹੈ, **ਡਮਾ ਡੰਮ ਡਉਰੂ ਸਿਤਾ ਸੇਤ ਛੱਤ੍ਰੰ॥ ਹਾਹਾ ਹੂਹ ਹਾਸੰ ਝਮਾ ਝੱਮ ਅੱਤ੍ਰੰ॥ ਮਹਾਂ ਘੋਰ ਸਬਦੰ ਬਜੇ ਸੰਖ ਐਸੰ॥ ਪ੍ਰਲੈ ਕਾਲ ਕੇ ਕਾਲ ਕੀ ਜ੍ਵਾਲ ਜੈਸੰ॥੧੯/੪੦॥** ਮਹਾਂਕਾਲ ਦਾ ਡਉਰੂ ਡਮਾ ਡਮ ਵੱਜ ਰਿਹਾ ਹੈ, ਮਹਾਂਕਾਲ ਦੇ ਸਿਰ ਉੱਤੇ ਡੱਬ-ਖੜੱਬਾ ਛੱਤ੍ਰ ਹੈ। ਮਹਾਂਕਾਲ ਹਾ ਹਾ ਹੂ ਹੂ ਕਰਕੇ ਹੱਸ ਰਿਹਾ ਅਤੇ ਉਸਦੇ ਹੱਥ ਵਿੱਚ ਫੜੇ ਸ਼ਸਤਰ ਚਮਕ ਰਹੇ ਹਨ। ਬਹੁਤ ਹੀ ਭਿਆਨਕ ਸ਼ਬਦ (ਆਵਾਜ਼) ਜਿਵੇਂ ਸੰਖ ਵੱਜ ਰਿਹਾ ਹੋਵੇ, ਹੋ ਰਹੀ ਹੈ। ਮਹਾਂਕਾਲ ਪਰਲੋ ਕਾਲ ਦੀ ਅੱਗ ਵਾਂਗ ਚਮਕ ਰਿਹਾ ਹੈ।੧੯। **ਸਿਰੰ ਮਾਲ ਰਾਜੰ॥ ਲਖੇ ਰੁੱਦ੍ਰ ਲਾਜੰ॥੨੨/੪੦॥** ਪੰਡਤ ਨਰੈਣ ਸਿੰਘ ਜੀ ਦੇ ਪ੍ਰਭੂ (ਅਸਲ ਵਿੱਚ ਮਹਾਂਕਾਲ) ਦੇ ਗਲ ਵਿੱਚ ਸਿਰਾਂ ਦੀ ਮਾਲਾ ਸ਼ੋਭ ਰਹੀ ਹੈ, ਜਿਸਨੂੰ ਦੇਖ ਕੇ ਸ਼ਿਵਜੀ ਵੀ ਲੱਜਿਆਵਾਨ ਹੋ ਰਿਹਾ ਹੈ। ਕੱਟੇ ਹੋਏ ਮਨੁੱਖੀ ਸਿਰਾਂ ਦੀ ਮਾਲਾ ਸਿਰਫ਼ ਮਹਾਂਕਾਲ ਅਤੇ ਕਾਲਕਾ (ਚੰਡੀ) ਦੇ ਗਲ ਵਿੱਚ ਪਾਈ ਹੀ ਦੇਖੀ ਜਾ ਸਕਦੀ ਹੈ। ਇਸ ਕਾਲ ਨੂੰ, ਗੁਰਮਤਿ ਅਨੁਸਾਰੀ ਅਕਾਲ ਪੁਰਖ (ਪ੍ਰਭੂ) ਬਨਾਉਣ ਵਾਲੇ, ਸਿੱਖ ਧਰਮ ਦੇ ਸ਼ੁਭਚਿੰਤਕ ਜਾਂ ਸੁਹਿਰਦ ਕਿਵੇਂ ਕਹੇ ਜਾ ਸਕਦੇ ਹਨ। **ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾਕੀ ਕਲਾ ਹੈ॥ ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ ਕਾਲ ਹੀ ਭਯੋ ਜੁਗੀਆ ਹੈ॥ ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ॥ ਔਰ ਸਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ॥੮੪/੪੪॥** ਪਾਠਕ ਇਸ ਧਿਆਇ ਨੂੰ ਆਪ ਪੂਰਾ ਪੜ੍ਹ ਕੇ, ਈਮਾਨਦਾਰੀ ਸੋਚ

ਤਹਿਤ ਵਿਚਾਰਨ, ਕੀ ਇਹ ਗੁਰਮਤਿ (ਗੁਰਬਾਣੀ) ਅਨੁਸਾਰੀ ਅਕਾਲਪੁਰਖ ਦੀ ਹੀ ਉਸਤਤਿ ਹੈ ਜਾਂ ਸਨਾਤਨ ਮੱਤ ਦੇ ਮਹਾਂਕਾਲ (ਸ਼ਕੀਰ ਸੁਕਦਾਈ ਵਿਸ਼ਨੂੰ) ਦੀ ? ਜਿਸ ਦੇ ਗਲ ਵਿੱਚ ਕੱਟੇ ਹੋਏ ਮਨੁੱਖੀ ਸਿਰਾਂ ਦੀ ਮਾਲਾ ਅਤੇ ਯੁੱਧ ਵਿੱਚ ਡਉਰੂ ਦੀ ਡਮਾ ਡਮ ਸੁਣਾਈ ਦਿੰਦੀ ਰਹਿੰਦੀ ਹੈ। ਇਨ੍ਹਾਂ ਕਾਲ ਪੂਜਾਰੀਆਂ ਦੇ ਅਸਲ ਕਾਲ ਨਾਲ ਹੋਰ ਪਹਿਚਾਣ, ਅੱਗੇ ਚੱਲ ਕੇ ਕਰਾਵਾਂਗਾ। ਦੂਜਾ ਤੇ ਤੀਜਾ ਧਿਆਇ ਵੀ ਮਹਾਂਕਾਲ ਦਾ ਵਰਨਣ ਗਾਥਾ ਹੀ ਹੈ। ਚੌਥਾ ਤੇ ਪੰਜਵਾਂ ਧਿਆਇ, ਬੇਦੀ ਸੋਢੀ ਬੰਸ ਨੂੰ ਲਵ ਕੁਸ਼ ਦੀ ਔਲਾਦ ਬਨਾਉਣ ਦੀ ਝੂਠੀ ਤੇ ਨਿਰਮੂਲ ਕਹਾਣੀ ਹੈ। ਛੇਵਾਂ ਧਿਆਇ, ਪਿਛਲੇ ਜਨਮ ਦੀ ਤਪੱਸਿਆ ਬਾਰੇ, ਜਿੱਥੇ ਪੰਡੂ ਰਾਜੇ ਨੇ ਜੋਗ ਕਮਾਇਆ ਸੀ, ਉਹੀ ਸਥਾਨ ਹੇਮਕੁੰਟ, ਇਸ ਤਪੱਸਵੀ ਨੇ ਚੁਣਿਆ। **ਤਹ ਹਮ ਅਧਿਕ ਤਪੱਸਿਆ ਸਾਧੀ ॥ ਮਹਾਂਕਾਲ ਕਾਲਕਾ ਅਰਾਧੀ** ॥੨/੫੪-੫੫॥ ਉੱਥੇ ਮੈਂ ਬੜੇ ਹੱਠ ਨਾਲ ਮਹਾਂਕਾਲ ਤੇ ਕਾਲਕਾ (ਮਹਾਂਦੇਵੀ) ਦੀ ਅਰਾਧਨਾ ਕੀਤੀ, ਜਿਸ ਦੇ ਫਲ ਤਹਿਤ ਇਸ਼ਟ ਅਤੇ ਇਸ਼ਟ ਅਰਾਧਕ ਇੱਕ ਹੋ ਗਏ। ਪੂਰਾ ਧਿਆਨ ਦੇਣਾ, ਤਪੱਸਵੀ ਦਾ ਇਸ਼ਟ, ਤਪੱਸਵੀ ਨੂੰ ਕਹਿੰਦਾ ਹੈ ਕਿ ਮੈਂ ਜਿਸਨੂੰ ਵੀ ਸੰਸਾਰ ਵਿੱਚ ਭੇਜਿਆ, **ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂ ਨਾ ਦ੍ਰਿੜਾਯੋ** ॥੨੭/੫੬॥ ਸਭਨਾਂ ਤੋਂ ਅਪਨਾ ਨਾਮ ਹੀ ਜਪਵਾਇਆ ਹੈ, ਕਿਸੇ ਨੇ ਵੀ ਸਤਿਨਾਮ ਦਾ ਉਪਦੇਸ਼ ਨਹੀਂ ਦਿੱਤਾ। **ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨਾ ਪਛਾਨਾ ॥ ਤਪ ਸਾਧਤ ਹਰਿ ਮੋਹਿ ਬੁਲਾਯੋ ॥ ਇਮ ਕਹਿਕੈ ਇਹ ਲੋਕ ਪਠਾਯੋ** ॥੨੮/੫੬॥ ਸਾਰੇ ਆਪੋ-ਆਪਣੀ ਪ੍ਰਭੁਤਾ ਵਿੱਚ ਫਸੇ ਰਹੇ, ਕਿਸੇ ਨੇ ਵੀ ਪਾਰਬ੍ਰਹਮ ਨੂੰ ਨਹੀਂ ਪਛਾਣਿਆ। ਮੈਨੂੰ ਤਪ ਕਰਦੇ ਨੂੰ ਹਰੀ ਨੇ ਬੁਲਾਇਆ (ਕਿੱਥੇ ਬੁਲਾਇਆ) ਅਤੇ ਇਸ ਤਰ੍ਹਾਂ ਕਹਿ ਕੇ ਮੈਨੂੰ ਇਸ ਜਗਤ ਵਿੱਚ (ਕੀ ਹੇਮਕੁੰਟ ਕਿਸੇ ਹੋਰ ਲੋਕ ਵਿੱਚ ਹੈ ? ਜਿੱਥੋਂ, ਇੱਥੇ) ਭੇਜਿਆ। ਭਾਵ ਇਸ ਹੇਮਕੁੰਟੀ ਤਪੱਸਵੀ ਦੇ ਆਉਣ ਤੋਂ ਪਹਿਲਾਂ ਕਿਸੇ (ਗੁਰੂ ਨਾਨਕ ਤੋਂ ਗੁਰ ਤੇਗ਼ ਬਹਾਦਰ ਤੱਕ ਕਿਸੇ) ਨੇ ਭੀ, ਪਾਰਬ੍ਰਹਮ ਨੂੰ ਨਾ ਪਛਾਣਿਆ। ਸਿੱਖ ਧਰਮ ਦੇ ਬਾਨੀ ਅਤੇ ਉਨ੍ਹਾਂ ਦੇ ਜਾਨਸ਼ੀਨ, ਨੌਂ ਸਿੱਖ ਸਤਿਗੁਰਾਂ ਦੇ ਕੀਤੇ ਕਰਾਏ ਉੱਤੇ ਸਾਫ਼ ਪੋਚਾ ਫੇਰ ਦਿੱਤਾ ਗਿਆ। **ਜੇ ਜੇ ਭਏ ਪਹਿਲ ਅਵਤਾਰਾ ॥ ਆਪੁ ਆਪੁ ਤਿਨ ਜਾਪੁ ਉਚਾਰਾ ॥ ਪ੍ਰਭ ਦੋਖੀ ਕੋਈ ਨ ਬਿਦਾਰਾ ॥ ਧਰਮ ਕਰਮ ਕੋ ਰਾਹ ਨ ਡਾਰਾ** ॥੪੪/੫੮॥ ਜੋ ਪਹਿਲੇ ਅਵਤਾਰ ਹੋਏ, ਉਨ੍ਹਾਂ ਆਪੋ-ਆਪਣਾ ਨਾਮ ਹੀ ਜਪਾਇਆ। ਪ੍ਰਭੂ ਦੋਖੀਆਂ ਦਾ ਨਾਸ਼ ਨਹੀਂ ਕੀਤਾ ਤੇ ਲੋਕਾਂ ਨੂੰ ਧਰਮ ਦੇ ਰਾਹ ਨਹੀਂ ਪਾਇਆ। ਹੁਣ ਅਖੌਤੀ ਦਸਮ ਗ੍ਰੰਥ ਦੇ ਪੈਰੋਕਾਰ ਹੀ ਦੱਸਣ ਕਿ, ਕਿੰਨੀ ਸਚਾਈ ਹੈ ਇਸ ਲਿਖਤ ਵਿੱਚ। **ਅੱਗੇ ਪੜ੍ਹੋ : ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕੱਹ ਸਾਜਾ ॥ ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ** ॥੨੯/੫੭॥ ਮੈਂ ਤੈਨੂੰ ਆਪਣੇ ਪੁੱਤਰ ਪਦ ਦੀ ਵਡਿਆਈ ਦੇ ਕੇ, **ਪੰਥ ਪ੍ਰਚੁਰ** ਕਰਨ ਵਾਸਤੇ ਸਾਜਿਆ ਹੈ। *ਮਹਾਨ ਕੋਸ਼* ਵਿੱਚ ਪ੍ਰਚੁਰ ਦੇ ਅਰਥ, ਅਧਿਕ, ਬਹੁਤ ਅਤੇ ਚੋਰੀ ਕਰਨ ਵਾਲਾ ਚੋਰ ਕੀਤੇ ਹੋਏ ਹਨ। ਜੇ ਪਿਛਲੇ ੨੭ ਤੇ ੨੮ ਬੰਦ ਨੂੰ ਧਿਆਨ ਵਿੱਚ ਰੱਖ ਕੇ ਵੀਚਾਰੀਏ ਤਾਂ ਪੰਥ ਚੋਰੀ ਕਰਨੇ ਲਈ ਸਾਜਿਆ ਹੀ ਠੀਕ ਢੁੱਕਵੇਂ ਅਰਥ ਬਣਦੇ ਹਨ। ਕਿਉਂਕਿ, ਨਾਨਕ ਨਿਰਮਲ ਪੰਥ ਚਲਾਇਆ ਵਾਲੇ ਪੰਥ ਨੂੰ ਤਾਂ ਇਸ ਲਿਖਾਰੀ ਨੇ ਨਿਕਾਰ ਹੀ ਦਿੱਤਾ ਹੈ ਅਤੇ ਜਿਸ ਕਾਰਜ (**ਪੰਥ ਪ੍ਰਚੁਰ ਕਰਬੇ ਕੱਹ ਸਾਜਾ**) ਲਈ ਪ੍ਰਭੂ ਵਲੋਂ ਭੇਜਿਆ ਗਿਆ ਸੀ, ਆਪਣੀ

ਕਹਾਣੀ ਵਿੱਚ ਉਹ ਕਾਰਜ ਕੀਤੇ ਦਾ ਜ਼ਿਕਰ ਤੱਕ ਨਹੀਂ ਕੀਤਾ। ਪਾਠਕਾਂ ਨੂੰ ਬਚਿੱਤ੍ਰ ਨਾਟਕ ਦੀ ਇੱਕ ਹੋਰ ਖੂਬੀ ਤੋਂ ਵੀ ਜਾਣੂ ਕਰਵਾ ਦਿੱਤਾ ਜਾਵੇ ਕਿ ਇਸਦੇ ੧੪ ਧਿਆਇ ਵਿੱਚ ਲਿਖੇ ਛੰਦ ਬੰਦ ਦੀ ਗਿਣਤੀ ੪੭੧ ਹੈ, ਜਿਨ੍ਹਾਂ ਵਿੱਚ ਕਾਲ ਉਸਤਤਿ ਜਾਂ ਕਾਲ ਨਾਲ ਸੰਬੰਧਿਤ ਛੰਦ ਬੰਦ ਦੀ ਗਿਣਤੀ ਅੱਧ ਤੋਂ ਵੱਧ ਭਾਵ ੨੩੬ ਤੋਂ ਵੱਧ ਹੈ।

ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੇ ਪਰਮੇਸ਼ਰ ਸੋਊ॥ ਦੀਨ ਸ਼ਾਹ ਇਨ ਕੋ ਪਹਿਚਾਨੋ॥ ਦੂਨੀ ਪਤਿ ਉਨ ਕੌ ਅਨੁਮਾਨੋ॥੯/੭੧॥ ਪੰਡਤ ਨਰੈਣ ਸਿੰਘ ਦੇ ਕੀਤੇ ਅਰਥ : ਬਾਬਾ ਨਾਨਕ ਅਤੇ ਬਾਬਰ ਨੂੰ ਇੱਕ ਪ੍ਰਭੂ ਨੇ ਹੀ ਪੈਦਾ ਕੀਤਾ। ਬਾਬਾ ਨਾਨਕ ਨੂੰ ਧਰਮ ਦਾ ਬਾਦਸ਼ਾਹ ਅਤੇ ਬਾਬਰ ਨੂੰ ਦੁਨੀਆਂਦਾਰੀ ਦਾ ਬਾਦਸ਼ਾਹ ਜਾਣੋ।੯। **ਜੋ ਬਾਬੇ ਕੋ ਦਾਮ ਨ ਦੇਹੈ॥ ਤਿਨ ਤੇ ਗਹਿ ਬਾਬਰ ਕੇ ਲੈਹੈ॥ ਦੈ ਦੈ ਤਿਨ ਕੋ ਬਡੀ ਸਜਾਇ॥ ਪੁਨਿ ਲੈਹੈ ਗ੍ਰਿਹ ਲੂਟਿ ਬਨਾਇ॥੧੦/੭੧॥** ਜਿਹੜੇ, ਬਾਬੇ (ਭਾਵ ਨਾਨਕ ਦੇ ਗੁਰੂ ਘਰ) ਨੂੰ ਦਾਨ ਨਹੀਂ ਦੇਣਗੇ, ਉਹਨਾਂ ਤੋਂ ਬਾਦਸ਼ਾਹ ਦੇ ਆਦਮੀ ਮਾਇਆ ਖੋਹ ਕੇ ਲੈ ਜਾਣਗੇ। ਉਹਨਾਂ ਨੂੰ ਹਕੂਮਤ ਵਲੋਂ ਵੱਡੀ ਤੋਂ ਵੱਡੀ ਕੇਵਲ ਸਜਾ ਹੀ ਨਹੀਂ ਮਿਲੇਗੀ ਬਲਕਿ ਉਨ੍ਹਾਂ ਦੇ ਘਰਾਂ ਨੂੰ ਲੁੱਟ ਲਿਆ ਜਾਵੇਗਾ।੧੦। ਲਿਖਾਰੀ ਜੀ ਬਾਬੇ ਨਾਨਕ ਅਤੇ ਬਾਬਰ ਦੀ ਮਿਲੀ-ਭੁਗਤ (ਸ਼ਰਧਾ ਤੇ ਡਰਾਵੇ) ਨਾਲ, ਲੋਕਾਂ ਵਲੋਂ ਮਾਇਆ ਲਈ ਜਾਂ ਖੋਹੀ ਜਾਂਦੀ ਬਿਆਨ ਕਰ ਰਹੇ ਹਨ। ਕੀ ਇਹ ਭਾਈਵਾਲੀ, ਗੁਰਮਤਿ ਸਿਧਾਂਤ ਦੇ ਅਨੁਕੂਲ ਹੈ ?

ਲਿਖਾਰੀ ਦੀ ਗਾਥਾ ਦਾ ਨਾਇਕ (ਤਪੱਸਵੀ) ਪਿਛਲੇ ਜਨਮ ਵਿੱਚ ਵੀ, ਮਹਾਂਕਾਲ ਕਾਲਕਾ ਦੀ ਅਰਾਧਨਾ ਕਰਦਾ ਹੈ, ਫਿਰ ਗੁਰੂ ਤੇਗ਼ ਬਹਾਦਰ ਤੇ ਮਾਤਾ ਗੂਜਰੀ ਜੀ ਦੇ ਤੀਰਥ ਇਸ਼ਨਾਨ ਤੇ ਪੁੰਨ ਦਾਨ ਕਰਨ ਦੇ ਫਲ ਤਹਿਤ, ਗੁਰੂ ਘਰ ਵਿੱਚ ਜਨਮ ਲੈਂਦਾ ਅਤੇ ਪਹਿਲੇ ਸਿੱਖ ਸਤਿਗੁਰਾਂ ਨਾਲੋਂ ਵੱਖਰੀ ਪਹਿਚਾਣ ਬਨਾਉਣ ਲਈ, ਆਪਣਾ ਪਿਛਲਾ ਜਨਮ ਵੀ ਨਾਲ ਹੀ ਲੈ ਆਉਂਦਾ ਹੈ। ਨਵੇਂ ਜਨਮ ਵਿੱਚ ਅਤੇ ੧ਓ ਵਿਚਾਰਧਾਰੀ ਸਿੱਖ ਸਤਿਗੁਰਾਂ ਦੇ ਘਰ ਜਨਮ ਲੈ ਕੇ ਵੀ ਇਸ ਲਿਖਾਰੀ ਨੂੰ ਆਪਣੇ ਪਿਛਲੇ ਜਨਮ ਵਾਲਾ ਇਸ਼ਟ ਨਹੀਂ ਭੁੱਲਿਆ ਅਤੇ ਵਾਰ ਵਾਰ ਹੋਕਾ ਦਿੰਦਾ ਹੈ ਕਿ, **ਸਰਬਕਾਲ ਸਭ ਸਾਧ ਉਬਾਰੇ॥ ਦੁਖੁ ਦੈ ਕੈ ਦੋਖੀ ਸਭ ਮਾਰੇ॥੧/੭੩॥** ਸਰਬਕਾਲ (ਸ਼ਕੀਰ ਸੁਕਦਾਈ ਵਿਸ਼ਨੂੰ) ਨੇ ਭਗਤਾਂ ਦੀ ਰੱਖਿਆ ਕੀਤੀ ਤੇ ਦੋਖੀਆਂ ਨੂੰ ਦੁਖ ਦੇ ਕੇ ਮਾਰਿਆ। ਇਹ ਦੁਖ ਦੇ ਕੇ ਮਾਰਨ ਵਾਲਾ ਸਰਬਕਾਲ ਗੁਰਮਤਿ ਵਾਲਾ ਨਿਰਵੈਰੁ ਵਾਹਿਗੁਰੂ ਕਿਵੇਂ ਹੋ ਸਕਦਾ ਹੈ ? ਭਾਵੇਂ ਇਸ ਗ੍ਰੰਥ ਦੀ ਸਮੂਹ ਲਿਖਤ, ਵਿਸ਼ਨੂੰ ਦੇ ਕਾਲ, ਮਹਾਂਕਾਲ ਅਤੇ ਆਦਿ ਸ਼ਕਤੀ ਸ੍ਰੀ ਦੇ ਦੁਰਗਾ, ਕਾਲਕਾ (ਪੌਰਾਣਿਕ) ਗਾਥਾਵਾਂ ਨਾਲ ਹੀ ਸੰਬੰਧਿਤ ਹੈ ਪਰ ਬਿੱਪ੍ਰ ਸੋਚ ਦੇ ਧਾਰਨੀ ਪੰਡਤ ਨਰੈਣ ਸਿੰਘ, ਇਸ ਕਾਲ, ਮਹਾਂਕਾਲ, ਸਰਬਕਾਲ, ਕਾਲਕਾ ਆਦਿ ਨੂੰ ਵਾਹਿਗੁਰੂ ਤੇ ਵਾਹਿਗੁਰੂ ਦੀ ਸ਼ਕਤੀ ਬਨਾਉਣ ਦੀ ਕੁਚੇਸ਼ਟਾ ਤੋਂ ਬਾਝ ਨਹੀਂ ਆਉਂਦੇ। ਪੜ੍ਹੋ ਅੱਗੇ, **ਸਰਬਕਾਲ ਹੈ ਪਿਤਾ ਹਮਾਰਾ॥ ਦੇਬਿ ਕਾਲਕਾ ਮਾਤ ਹਮਾਰਾ॥੫/੭੩॥** ਸਭ ਦਾ ਕਾਲ ਕਰਨ ਵਾਲਾ ਸਰਬਕਾਲ (ਪੰਡਤ ਜੀ ਨੇ ਵਾਹਿਗੁਰੂ ਬਣਾ ਦਿੱਤਾ) ਮੇਰਾ ਪਿਤਾ ਹੈ, ਉਸਦੀ ਦੇਬਿ ਸ਼ਕਤੀ ਕਾਲਿਕਾ ਮੇਰੀ ਮਾਤਾ ਹੈ। ਕੀ ਸਰਬਕਾਲ ਹੋਰ ਤੇ ਉਸਦੀ ਸ਼ਕਤੀ ਕਾਲਕਾ ਹੋਰ ਹਨ ? ਗੁਰੂਬਾਣੀ ਉਪਦੇਸ਼ ਹੈ, **ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥੯੨੧/੧੫॥** ਗੁਰਬਾਣੀ ਬਿੱਪਰੀਤ ਵਿਚਾਰ ਕਿਉਂ ? ਹੈ ਨਾ ਬਚਿੱਤ੍ਰ ਨਾਟਕ ਦੀਆਂ ਬਚਿੱਤ੍ਰ ਹੀ

ਗਾਥਾਵਾਂ। ਨਿਰਆਕਾਰ ਅਕਾਲ ਪੁਰਖ ਦੇ ਜੋ ਗੁਣ ਗੁਰੂਬਾਣੀ ਵਿੱਚ ਹਨ, ਉਹੀ ਗੁਣ, ਦਸਮ ਗ੍ਰੰਥ ਦੇ ੪੦੪ ਚਰਿੱਤ੍ਰ ਵਿੱਚ, ਬੰਦ ਨੰਬਰ ੯੯ ਤੋਂ ੧੦੪ ਤੱਕ, ਕਾਲਪੁਰਖ (ਵਿਸ਼ਨੂੰ ਦੇ ਸ਼ਕੀਰ ਸੁਕਦਾਈ ਰੂਪ ਮਹਾਂਕਾਲ, ਰਣ ਜੋਧੇ) ਵਿੱਚ ਦੇਖੇ ਜਾ ਸਕਦੇ ਹਨ। ਸ਼ਿਵ ਪੁਰਾਣ ਵਿੱਚ ਉਹੀ ਗੁਣ ਬ੍ਰਹਮਾ ਦੀ ਜ਼ੁਬਾਨੀ ਸਦਾਸ਼ਿਵ, ਮਹਾਂਕਾਲ ਦੇ ਦਰਸਾਏ ਹੋਏ ਹਨ। ਬਸ ਇਸੀ ਭੁਲੇਖੇ ਨੇ ਆਮ ਸਿੱਖ ਨੂੰ ਭੰਬਲਭੂਸੇ ਵਿੱਚ ਪਾ ਰੱਖਿਆ ਹੈ। ਬੜੇ ਦੁੱਖ ਦੀ ਗੱਲ ਹੈ ਕਿ ਸਿੱਖ ਕੌਮ ਦੇ ਵਿਦਵਾਨ, ਬਿੱਪ੍ਰ ਦੀ ਚਤੁਰਾਈ ਨੂੰ ਸਮਝਣ ਦੀ ਬਜਾਏ ਸਗੋਂ ਆਪ ਹੀ ਉਸਦੇ ਵਿਛਾਏ ਜਾਲ ਵਿੱਚ ਫਸਣ ਲਈ ਉਤਾਵਲੇ ਹੋਏ ਰਹਿੰਦੇ ਹਨ। ਭਾਰਤੀ ਸੰਸਕ੍ਰਿਤੀ ਦੇ ਪੁਰਾਤਨ ਗ੍ਰੰਥ (ਪੁਰਾਣ ਆਦਿ), ਮਹਾਂਮਾਈ (ਮਾਇਆ, ਆਦਿ ਸ਼ਕਤੀ ਸ੍ਰੀ ਅਤੇ ਉਸਦੇ ਪੈਦਾ ਕੀਤੇ ਮਹਾਂਦੇਵ) ਦੀ ਪੈਦਾਇਸ਼ ਬਹੁਤਾਤ (ਤੇਤੀ ਕਰੋੜ ਕਹੇ ਜਾਂਦੇ) ਦੇਵਤਿਆਂ ਉੱਤੇ ਆਧਾਰਤ ਹਨ ਜੋ ਦੇਵ ਤੇ ਦੈਂਤਾਂ ਦੇ ਆਪਸੀ ਵਿਰੋਧ ਕਾਰਨ ਹਰ ਵੇਲੇ ਜੰਗਾਂ ਜੁੱਧਾਂ (**ਬੈਰ ਬਢਾਇ ਲਰਾਇ ਸੁਰਾਸੁਰ ਆਪਹਿ ਦੇਖਤ ਬੈਠ ਤਮਾਸਾ ॥੧/੭੪॥**) ਵਿੱਚ ਉਲਝੇ ਰਹਿੰਦੇ ਹਨ। ਗੁਰਬਾਣੀ ਦਾ ਅਕਾਲ ਪੁਰਖ, **ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥੨/੬॥** ਵਾਲੇ ਗੁਣਾਂ ਦਾ ਪ੍ਰਤੀਕ ਹੈ। ਸੋ, ਗੁਰਬਾਣੀ ਵਾਲੇ ਅਕਾਲ ਪੁਰਖ ਨਾਲ, ਪੌਰਾਣਕ ਗਾਥਾਵਾਂ ਵਾਲੇ ਈਸ਼ਵਰੀ ਨਾਵਾਂ ਦਾ ਕੋਈ ਜੋੜ ਮੇਲ ਜਾਂ ਸੰਬੰਧ ਬਣਾਉਣਾ ਗੁਰਮਤਿ ਨਹੀਂ, ਮਹਾਂ ਮੂਰਖਤਾ ਹੈ। ਐਸਾ ਕਰਨ ਵਾਲੇ ਲਿਖਾਰੀ, ਵਿਦਵਾਨ ਨਹੀਂ, ਸਿਰਫ਼ ਨਕਲਈ ਜਾਂ ਵਿਚੋਲਗੀ ਕਰਨ ਵਾਲੇ (ਵਿਕਾਊ ਜ਼ਮੀਰ ਵਾਲੇ) ਲਿਖਾਰੀ ਹੀ ਕਹੇ ਜਾ ਸਕਦੇ ਹਨ।

ਇਸ ਟ੍ਰੈਕਟ ਦਾ ਮੂਲ ਆਧਾਰ, ਅਮਰਜੀਤ ਸਿੰਘ ਖੋਸਾ ਦੀ ਲਿਖੀ ਪੁਸਤਕ, ਦਸਮ ਗ੍ਰੰਥ ਸਾਹਿਬ, ਦਸਮੇਸ਼-ਕ੍ਰਿਤ ਪ੍ਰਮਾਣਿਕਤਾ ਹੈ। ਇਸ ਲਈ ਖੋਸਾ ਜੀ ਦੀ ਲਿਖਤ, ਮਨੋਵਿਰਤੀ ਅਤੇ ਮਨੋਰਥ ਨੂੰ ਜਾਨਣਾ ਸਮਝਣਾ ਵੀ ਜ਼ਰੂਰੀ ਹੈ। ਖੋਸਾ ਜੀ ਵੀ, ਐਸੀ ਹੀ ਯੂਨੀਵਰਸਿਟੀ (ਹਿੰਦੁਸਤਾਨ ਦੀ ਫ਼ੌਜ ਵਿੱਚ, Research Army Wing) ਦੇ ਪੜ੍ਹੇ ਤੇ ਸਿਖਾਏ ਹੋਏ ਹਨ, ਜਿਹੋ ਜਿਹੀ ਯੂਨੀਵਰਸਿਟੀ (ਅੰਗਰੇਜ਼ੀ ਫ਼ੌਜ) ਵਿੱਚੋਂ, ਸੰਤ ਸਮਾਜੀਆਂ ਦੇ ਮੋਢੀ ਸੰਤਾਂ (ਅਤਰ ਸਿੰਘ, ਹਰਨਾਮ ਸਿੰਘ ਵਰਗਿਆਂ) ਨੇ ਸੰਤਤਾਈ ਦੀਆਂ ਡਿਗਰੀਆਂ ਅਤੇ ਗੁਰਮਤਿ ਵਿਰੋਧੀ ਕਰਮ-ਕਾਂਡੀ ਸਿੱਖਿਆਵਾਂ ਦੀ ਕੂੜ ਵਿੱਦਿਆ ਪਰਾਪਤ ਕੀਤੀ ਸੀ। ਅਮਰਜੀਤ ਸਿੰਘ ਖੋਸਾ ਜੀ ਦੀ ਖ਼ਾਸ ਖ਼ਾਸੀਅਤ (Quality) ਦੇਖੋ, ਇਹ ਆਪਣੀ ਲਿਖਤ ਕਿਤਾਬ, ਜ਼ੋਰ ਜ਼ੁਲਮ ਨਾਲ ਜੂਝੇ ਸਿੱਖ ਸਤਿਗੁਰਾਂ ਜਾਂ ਗੁਰੂ ਦੇ ਸਾਜੇ ਨਿਵਾਜੇ ਗੁਰੂ ਦੇ ਪੰਥ, ਖ਼ਾਲਸਾ ਫ਼ੌਜ ਨੂੰ ਸਮਰਪਣ ਨਹੀਂ ਕਰਦੇ, ਸਗੋਂ ਆਪਣੇ ਇਸ਼ਟ ਚਹੇਤੀ, ਵੈਦਿਕ ਗ੍ਰੰਥਾਂ ਦੇ ਕਲਪਿਤ ਅਸੁਰ-ਦਲ (ਦੈਂਤ ਸੈਨਾ) ਸਾਹਵੇਂ ਜੂਝਣਹਾਰੀ ਕਾਲਪੁਰਖ ਕੀ (ਕਲਪਿਤ ਗਾਥਾਵੀ) ਫ਼ੌਜ ਨੂੰ ਸਮਰਪਣ ਕਰਦੇ ਹਨ। ਜਿਸ ਤੋਂ ਇਨ੍ਹਾਂ ਦੀ ਮਨੋਵਿਰਤੀ ਦੀ ਝਲਕ ਸਾਫ਼ ਨਜ਼ਰ ਆ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਕੌਮ ਦਾ ਅਕਾਲ ਪੁਰਖ ਤਾਂ ਨਿਰ-ਆਕਾਰ ਹੈ। ਗੁਰੂਬਾਣੀ ਫ਼ੁਰਮਾਨ ਹੈ, **ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥੧੧੩੬/੪॥** ਪਰ ਖੋਸਾ ਜੀ ਦਾ ਕਾਲਪੁਰਖ ਤਾਂ ਫ਼ੌਜ ਦਾ ਸੈਨਾਪਤੀ ਹੈ। ਜਿਸ ਨਾਲ ਪਾਠਕਾਂ ਦੀ ਮੁਲਾਕਾਤ ਅੱਗੇ ਜਾ ਕੇ ਕਰਾਵਾਂਗਾ। ਇਸ ਟ੍ਰੈਕਟ ਦੇ ਲੇਖਕ, ਗੁਰੂ ਪੰਥ ਦੇ ਦਾਸਾਂ ਜਾਂ ਕਾਲਪੁਰਖੀ ਸੈਨਾ ਦਾ ਸੈਨਾਪਤੀ (Commander-in-chief) ਹੈ ਅਮਰਜੀਤ ਸਿੰਘ ਖੋਸਾ। ਜੋ ਬਚਿੱਤ੍ਰ ਨਾਟਕੀ ਪਖਯਾਨ ਚਰਿਤ੍ਰਾਂ ਨੂੰ, ਗੁਰੂ ਗੋਬਿੰਦ ਸਿੰਘ

ਜੀ ਦੀ ਲਿਖਤ ਅਤੇ ਸਿੱਖਿਆ ਦੇਣ ਵਾਸਤੇ ਲਿਖੇ ਮੰਨਦਾ ਅਤੇ ਇਨ੍ਹਾਂ ਲਿਖਤਾਂ ਦੀ ਅਸ਼ਲੀਲਤਾਈ ਨੂੰ ਗੁਰੂਬਾਣੀ ਦੀਆਂ ਪੰਗਤੀਆਂ ਦਾ ਪ੍ਰਮਾਣ ਦੇ ਕੇ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਐਸਾ ਭਗਉਤੀ ਜਾਂ ਕਾਲ ਮਹਾਂਕਾਲ ਪੂਜਾਰੀ, ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ ਜੀ, ਜਾਂ ਬਾਬਾ ਨਾਨਕ ਵਿਚਾਰਧਾਰਾ) ਦਾ ਸਿੱਖ ਕਿਵੇਂ ਹੋ ਜਾਂ ਅਖਵਾ ਸਕਦਾ ਹੈ। ਅਸਲ ਸੱਚ ਇਹ ਭੀ ਹੈ ਕਿ, ਸਿੱਖ ਪਹਿਰਾਵੇ (ਭੇਖ) ਦੀ ਆੜ ਲੈ ਕੇ ਹੀ, ਸਿੱਖ ਕੌਮ ਨੂੰ ਧੋਖਾ ਦਿੱਤਾ, ਜਾਂ ਵਿਵਾਦੀ ਉਲਝਾਇਆ ਜਾ ਸਕਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ (ਦਸਮ ਗ੍ਰੰਥ) ਪੈਦਾ ਕਰਨ ਵਾਲਿਆਂ ਨੇ ਵੀ ਸਿੱਖੀ ਪਹਿਰਾਵੇ (**ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ** ॥੪੭੩/੧੫॥) ਦਾ ਸਹਾਰਾ ਹੀ ਲਿਆ ਹੋਇਆ ਹੈ। ਇੱਕ ਹੋਰ ਸਚਾਈ ਪਾਠਕਾਂ ਨਾਲ ਸਾਂਝੀ ਕਰਾਂ ਕਿ ਜਿਸ ਕਿਸੇ ਨੇ ਵੀ ਸਿੱਖੀ ਪਹਿਰਾਵਾ ਪਹਿਨ ਕੇ ਸਿੱਖੀ ਨਾਲ ਸਿਧਾਂਤਕ ਤੌਰ 'ਤੇ ਧ੍ਰੋਹ ਕਮਾਇਆ, ਉਸੇ ਨੇ ਹੀ ਸਿੱਖ ਵਿਰੋਧੀ ਲਾਬੀ ਵਲੋਂ ਬਹੁਤ ਲਾਭ (ਸਿੱਖ ਕੌਮ ਜਾਂ ਪੰਜਾਬ ਨਾਲ ਸੰਬੰਧਿਤ ਯੂਨੀਵਰਸਿਟੀਆਂ ਵਿੱਚ ਉੱਚ ਅਹੁਦੇ ਅਤੇ ਸਿੱਖ ਕੌਮ ਦੇ ਧਰਮ ਸਥਾਨਾਂ ਵਿੱਚ ਸਨਮਾਨਤ ਰੁਤਬੇ) ਪਰਾਪਤ ਕੀਤੇ। ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ, ਪ੍ਰੋਫ਼ੈਸਰਾਂ, ਸਿੱਖ ਕੌਮ ਦੇ ਅਖੌਤੀ ਜਥੇਦਾਰਾਂ ਅਤੇ ਗੁਰਦਰਬਾਰੀ ਗ੍ਰੰਥੀਆਂ ਉੱਤੇ ਐਸੇ ਦੂਸ਼ਣ ਲੱਗਦੇ ਹੀ ਰਹੇ ਹਨ। ਸਤਿਗੁਰੂ ਜੀ ਦਾ ਫ਼ੁਰਮਾਨ ਹੈ, **ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ** ॥੯੦੩/੧੨॥ ਭਗਉਤੀ ਅਤੇ ਸ੍ਰੀ (ਆਦਿ ਸ਼ਕਤੀ, ਮਾਇਆ ਰੂਪ ਪ੍ਰਕਿਰਤੀ) ਦੇ ਪੂਜਾਰੀਆਂ (ਜੋ ੧ ਦੇ ਨਹੀਂ, ਅਨੇਕਤਾ ਦੇ ਪੂਜਾਰੀ ਹਨ) ਨਾਲ, ਗੁਰੂ ਗ੍ਰੰਥ ਸਾਹਿਬ ਦੇ, ਸ਼ਬਦ ਗੁਰੂ ਸਿਧਾਂਤ, ੧ਓ ਦੀ ਵਿਚਾਰ ਕਰਨਾ ਤਾਂ ਸੱਚ ਜਾਣੋ ਪੱਥਰਾਂ ਨਾਲ ਹੀ ਟੱਕਰਾਂ ਮਾਰਨਾ ਹੈ ਪਰ, ਗਿਆਨ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੇ ਪੈਰੋਕਾਰ ਹੋਣ ਦੇ ਨਾਤੇ, ਇਨ੍ਹਾਂ ਦੀ ਝੂਠ ਸਮੱਗਰੀ ਦਾ ਉੱਤਰ ਦੇਣਾ ਵੀ, ਸਿੱਖ ਦਾ ਫ਼ਰਜ਼ ਬਣ ਜਾਂਦਾ ਹੈ। ਪਹਿਲੇ ਪਾਠਕਾਂ ਨਾਲ ਸਾਂਝੀ ਕਰਾਂਗਾ ਅਭੁੱਲ ਯਾਦਾਂ ਦੀ ਚੰਗੇਰ ਵਿੱਚੋਂ ਇੱਕ ਯਾਦ ਹੱਡ ਬੀਤੀ।

ਅਗਸਤ, ਸੰਨ ੨੦੦੮ ਨੂੰ, ਮੈਂ ਵੈਨਕੂਵਰ (ਕਨੇਡਾ) ਗਿਆ ਸੀ। ਮੇਰੀ ਕਿਤਾਬ, *ਸਿੱਖੀ ਸਿਧਾਂਤ ਸਮੀਖਿਆ* (ਸਿੱਖ ਧਰਮ ਬਾਰੇ ਸਵਾਲ ਜਵਾਬ) ਜਸਵੀਰ ਸਿੰਘ ਕਲੇਰ ਰਾਹੀਂ ਕਨੇਡਾ ਵਿੱਚ ਵੱਸਦੇ ਕਈ ਪਾਠਕਾਂ ਤੱਕ ਪਹੁੰਚ ਚੁੱਕੀ ਸੀ। ਰੇਡੀਓ ਸ਼ੇਰੇ ਪੰਜਾਬ (ਟਾਕ ਸ਼ੋ) ਵਾਲੇ ਸੰਪਰਕ ਕਰ ਕੇ ਮੈਨੂੰ ਰੇਡੀਓ ਸਟੇਸ਼ਨ (ਬਰਾਡ ਕਾਸਟਿੰਗ) ਵਾਲੀ ਥਾਂ ਲੈ ਗਏ ਅਤੇ ਸਿੱਖ ਕੌਮ ਵਿੱਚ ਚੱਲ ਰਹੇ ਕੁੱਝ ਵਿਵਾਦਾਂ ਬਾਰੇ ਚਰਚਾ ਹੋਈ। ਕੁਲਦੀਪ ਸਿੰਘ (ਰੇਡੀਓ ਸੰਚਾਲਕ) ਨੇ ਮੈਨੂੰ ਕਿਹਾ ਕਿ ਇੱਥੇ (ਰੇਡੀਓ ਤੇ) ਆਮ ਬੁਲਾਰੇ ਮਾਸ ਅਤੇ ਡੇਰੇਦਾਰ (ਬਾਬਾਵਾਦੀ) ਸੰਤਾਂ ਬਾਰੇ ਚਰਚਾ ਕਰਨ ਤੋਂ ਝਿਜਕ ਜਾਂਦੇ ਹਨ, ਕੀ ਤੁਸੀਂ (ਭਾਵ ਮੈਂ) ਇਨ੍ਹਾਂ (ਮਾਸ ਅਤੇ ਡੇਰੇਦਾਰ ਸੰਤਾਂ) ਬਾਰੇ ਸਵਾਲ ਪੁੱਛਣ 'ਤੇ ਜਵਾਬ ਦਿਓਗੇ ? ਮੇਰਾ ਜਵਾਬ ਸੀ ਕਿ ਮੈਂ ਗੁਰਬਾਣੀ ਅਤੇ ਇਤਿਹਾਸਕ ਹਵਾਲਿਆਂ ਤਹਿਤ ਜਵਾਬ ਦਿਆਂਗਾ, ਮੇਰਾ ਕੋਈ ਆਪਣਾ ਵਿਚਾਰ ਨਹੀਂ ਹੋਵੇਗਾ। ਸੋ ਉਸ ਦਿਨ ਬੜੀ ਖੁੱਲ੍ਹ ਕੇ ਵਿਚਾਰਾਂ ਹੋਈਆਂ। ਕੁੱਝ ਦਿਨ ਬਾਅਦ ਮੈਂ ਵਿਜੈਪਾਲ ਸਿੰਘ (ਅਸਟ੍ਰੇਲੀਆ ਨਿਵਾਸੀ) ਦੇ ਪਿਤਾ ਅਵਤਾਰ ਸਿੰਘ ਜੀ (ਜੋ ਕਨੇਡਾ ਦੇ ਬਸ਼ਿੰਦੇ ਹਨ) ਨੂੰ ਮਿਲਣ ਉਨ੍ਹਾਂ ਦੇ ਘਰ ਗਿਆ। ਵਿਜੈਪਾਲ ਸਿੰਘ ਦੇ ਭਰਾ, ਸਤਵਿੰਦਰਪਾਲ ਸਿੰਘ (ਇਸ ਟ੍ਰੈਕਟ ਦੇ ਲਿਖਾਰੀ) ਨੇ, ਕਾਲਪੁਰਖੀ ਫ਼ੌਜ ਦੇ ਸੈਨਾਪਤੀ ਅਮਰਜੀਤ ਸਿੰਘ ਖੋਸਾ ਅਤੇ ਸੈਨਿਕ (ਸ਼ਾਇਦ, ਬਲਵੀਰ ਸਿੰਘ ਮਾਨ ਜਾਂ ਜਸਵਿੰਦਰ ਸਿੰਘ),

ਪਹਿਲਾਂ ਹੀ ਆਪਣੇ ਘਰ ਬੁਲਾਏ ਹੋਏ ਸੀ। ਥੋੜੀ ਜਾਣ ਪਹਿਚਾਣ ਤੋਂ ਬਾਅਦ, ਖੋਸਾ ਜੀ ਮੈਨੂੰ ਕਹਿਣ ਲੱਗੇ ਕਿ ਤੁਸੀਂ ਰੇਡੀਓ 'ਤੇ (ਟਾਕ ਸ਼ੋ ਵੇਲੇ) ਕਿਹਾ ਸੀ ਕਿ ਮੈਂ ਸਾਰੇ ਦਸਮ ਗ੍ਰੰਥ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ। ਮੈਂ ਕਿਹਾ— ਵੀਰ ਜੀ, ਬਚਿੱਤ੍ਰ ਨਾਟਕ ਜਾਂ ਦਸਮ ਗ੍ਰੰਥ ਮੇਰੇ ਘਰ ਵਿੱਚ ਹੈ ਪਰ ਮੈਂ ਉਸ ਨੂੰ ਪੂਰਾ ਪੜ੍ਹਿਆ ਹੈ, ਨਹੀਂ ਕਿਹਾ ਅਤੇ ਨਾ ਹੀ ਮੈਨੂੰ ਬੇ-ਹਿਆਈ ਲਿਖਤਾਂ (ਅਸ਼ਲੀਲਤਾਈ ਚਰਿਤ੍ਰ) ਪੜ੍ਹਨ ਦੀ ਲੋੜ ਜਾਂ ਚਾਹ ਹੈ। ਹਾਂ, ਲੋੜ ਅਨੁਸਾਰ ਮੈਂ ਜੋ ਦੇਖਣਾ ਚਾਹਾਂ, ਦੇਖ ਲੈਂਦਾ ਹਾਂ। ਜਿੱਥੇ ਅਸੀਂ ਬੈਠੇ ਸੀ, ਉੱਥੇ ਸਾਹਮਣੀ ਦੀਵਾਰ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਨਕਲੀ (ਬਚਿੱਤ੍ਰ ਨਾਟਕ ਜਿਹੀ ਕਲਪਿਤ) ਤਸਵੀਰ ਲੱਗੀ ਹੋਈ ਸੀ। ਖੋਸਾ ਜੀ ਉਸ ਤਸਵੀਰ ਵੱਲ ਹੱਥ ਕਰ ਕੇ ਕਹਿਣ ਲੱਗੇ—ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਸੌਂਹ ਖਾ ਕੇ ਕਹਿੰਦਾ ਹਾਂ ਕਿ ਤੁਸੀਂ, ਸਾਰਾ ਦਸਮ ਗ੍ਰੰਥ ਪੜ੍ਹਿਆ ਹੈ ਹੀ ਕਿਹਾ ਸੀ। ਮੈਂ ਹੈਰਾਨ ਰਹਿ ਗਿਆ ਕਿ ਇਹ ਆਦਮੀ, ਗੁਰੂ ਨਾਨਕ ਜੀ ਦਾ ਸਿੱਖ (ਪੈਰੋਕਾਰ) ਕਿਵੇਂ ਹੋ ਸਕਦਾ ਹੈ ? ਜੋ ਇੱਕ ਮਾਮੂਲੀ ਜਿਹੀ ਗੱਲ (ਸਾਰਾ ਪੜ੍ਹਿਆ, ਕਿਹਾ ਜਾਂ ਨਹੀਂ ਕਿਹਾ) ਬਦਲੇ ਗੁਰੂ ਦੀ ਸੌਂਹ ਖਾਣ ਤੱਕ ਪਹੁੰਚ ਗਿਆ। ਮੈਂ ਹੱਥ ਜੋੜ ਕੇ ਕਿਹਾ—ਵੀਰ ਜੀ, ਗੁਰੂ ਦੀ ਸੌਂਹ ਖਾਣ ਤੱਕ ਨਾ ਜਾਓ, ਸਾਡੇ ਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਦਾ ਉਪਦੇਸ਼ ਹੈ ਕਿ, **ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥...ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ** ॥੧੧੫੯-੫੯॥ ਸਾਨੂੰ ਸਾਡਾ ਗੁਰੂ, ਗੁਰੂਬਾਣੀ (ਗੁਰੂ ਗ੍ਰੰਥ ਸਾਹਿਬ) ਤੋਂ ਬਾਹਰੀ ਰਚਨਾਵਾਂ ਬਾਰੇ ਆਦੇਸ਼ ਦੇ ਰਿਹਾ ਹੈ ਕਿ, **ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ** ॥੯੨੦/੭॥ ਵੀਰ ਜੀਓ, ਇਹ ਗੁਰ- ਉਪਦੇਸ਼ ਸਿਰਫ਼ ਪੜ੍ਹਨ ਸੁਣਨ ਵਾਸਤੇ ਹੀ ਨਹੀਂ ਹੈ, **ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ** ॥੯੩੩/੮॥ ਸਿੱਖੀ ਜੀਵਨ ਵਿੱਚ ਅਪਨਾਉਣ ਵਾਸਤੇ ਕਹੇ ਹਨ। ਖੋਸਾ ਜੀ ਫਿਰ ਕਹਿਣ ਲੱਗੇ ਕਿ ਅਸ਼ਲੀਲ ਸ਼ਬਦ (ਭਗ, ਭੋਗ, ਲਾਡ, ਟਟਾ ਆਦਿ) ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵੀ ਵਰਤੇ ਹੋਏ ਹਨ। ਇਹ ਸੁਣ ਕੇ ਮਨ ਨੂੰ ਅਣ-ਕਿਆਸੀ ਠੇਸ ਪਹੁੰਚੀ ਕਿ ਇਹ ਕਾਲਪੁਰਖੀ (ਕਾਲਪੁਰਖ ਕੀ ਫ਼ੌਜ ਨੂੰ ਸਮਰਪਣ ਹੋਣ ਵਾਲੇ) ਪੈਰੋਕਾਰ, ਇੱਕ ਮਹਾਂ ਝੂਠੇ ਅਤੇ ਕਲਪਿਤ ਪੌਰਾਣਿਕ ਗ੍ਰੰਥ ਨੂੰ ਸਹੀ ਸਿੱਧ ਕਰਨ ਲਈ, ਗੁਰੂਬਾਣੀ ਉੱਤੇ ਕਿੰਤੂ-ਪ੍ਰੰਤੂ ਕਰਨ ਤੱਕ ਵੀ ਪਹੁੰਚ ਗਏ ਹਨ ! ਬਹੁਤੀ ਹੈਰਾਨੀ ਮੈਨੂੰ ਉਸ ਵੇਲੇ ਹੋਈ, ਜਦ ਮਾਸਟਰ ਅਵਤਾਰ ਸਿੰਘ (ਸਤਵਿੰਦਰਪਾਲ ਸਿੰਘ ਦੇ ਪਿਤਾ) ਜੀ ਵੀ, ਇਸ ਤਿਕੜੀ (ਅਮਰਜੀਤ ਸਿੰਘ, ਸਤਵਿੰਦਰਪਾਲ ਸਿੰਘ ਤੇ ਬਲਵੀਰ ਸਿੰਘ ਮਾਨ) ਦੀ ਹਾਂ ਵਿੱਚ ਹਾਂ ਮਿਲਾਉਣ ਲੱਗ ਪਏ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕੁੱਝ ਅਜਿਹੇ ਸ਼ਬਦ ਲਿਖੇ ਹੋਏ ਹਨ। ਮੈਂ ਉਨ੍ਹਾਂ (ਖੋਸੇ ਅਤੇ ਉਸਦੇ ਪੈਰੋਕਾਰਾਂ) ਅੱਗੇ ਹੱਥ ਜੋੜ ਦਿੱਤੇ ਕਿ ਬਾਹਰੀ ਲਿਖਤਾਂ ਦੀ ਤੁਲਨਾ ਗੁਰੂਬਾਣੀ ਨਾਲ ਕਰਨ ਵਾਲਿਆਂ ਨਾਲ ਮੈਂ ਕੋਈ ਵਿਚਾਰ ਕਰਨੀ ਹੀ ਨਹੀਂ ਚਾਹੁੰਦਾ। ਜੋ ਗੁਰੂ ਗ੍ਰੰਥ ਸਾਹਿਬ ਜੀ (ਸਿੱਖ ਕੌਮ ਦੇ ਗੁਰੂ) ਦੀ ਨਹੀਂ ਸੁਣਦੇ ਤੇ ਮੰਨਦੇ, ਉਹ ਮੇਰੀ ਕੀ ਸੁਣਨਗੇ ਤੇ ਕੀ ਮੰਨਣਗੇ।

ਅਮਰਜੀਤ ਸਿੰਘ ਖੋਸਾ ਨੇ ਕੁਝ ਸ਼ਬਦਾਂ (ਸੇਜ, ਕੰਤ, ਭੋਗ, ਰਸ, ਚਲਿਤ, ਮ੍ਰਿਗ-ਤ੍ਰਿਸ਼ਨਾ, ਰਾਵਣਾ, ਛਲਣਾ ਆਦਿ) ਦੀ ਚੋਣ ਕਰ ਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਦਸਮ ਗ੍ਰੰਥ ਦੇ ਚਰਿਤ੍ਰੋ ਪਖਯਾਨ ਦੀਆਂ ਗਾਥਾਵਾਂ ਨੂੰ, ਗੁਰੂ ਲਿਖਤ ਅਤੇ ਜਨ ਭਲਾਈ

ਲਈ ਉਪਦੇਸ਼ ਸਿੱਧ ਕਰਨ ਲਈ (**ਸ੍ਰੀ ਦਸਮ ਗ੍ਰੰਥ, ਦਸਮੇਸ਼-ਕ੍ਰਿਤ ਪ੍ਰਮਾਣਿਕਤਾ**) ਨਾਮੀ ਇੱਕ ਕਿਤਾਬ ਲਿਖ ਕੇ, ਆਪਣੀ ਵਿਦਵਤਾ ਦਾ ਇਜ਼ਹਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਐਸੇ ਲਿਖਾਰੀ (ਪਤਾ ਨਹੀਂ, ਇਨ੍ਹਾਂ ਨੂੰ ਇਸ ਕੀਤੀ ਮਿਹਨਤ ਦਾ ਕੀ ਇਵਜ਼ਾਨਾ ਮਿਲਦਾ ਹੋਵੇਗਾ ?) ਸਿੱਖ ਸਤਿਗੁਰਾਂ ਵਲੋਂ, ਸਿੱਖ ਕੌਮ ਨੂੰ ਆਪ ਦਿੱਤੀ ਦੇਣ, ਗੁਰੂ ਗ੍ਰੰਥ ਸਾਹਿਬ ਜੀ, ਦੇ ਹੁਕਮ ਜਾਂ ਉਪਦੇਸ਼ (**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥... ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥**) ਨੂੰ ਤਾਂ ਭੁਲਾ ਜਾਂ ਅੱਖੋਂ ਪਰੋਖੇ ਕਰ ਸਕਦੇ ਹਨ, ਪਰ ਜੋ ਲਿਖਤ ਸਾਨੂੰ ਸਾਡੇ ਗੁਰਾਂ ਨੇ ਦਿੱਤੀ ਹੀ ਨਹੀਂ, ਉਸ ਅਖੌਤੀ ਗ੍ਰੰਥ ਦੀ ਪ੍ਰਮਾਣਿਕਤਾ (ਬਗਲੇ ਨੂੰ ਹੰਸ) ਸਿੱਧ ਕਰਨ ਲਈ, ਪੂਰੇ ਢੀਠ ਹੋ ਕੇ ਅੱਡੀ ਚੋਟੀ ਤੱਕ ਤਾਣ ਲਾਈ ਜਾ ਰਹੇ ਹਨ, ਕਿਉਂ ? ਕਿਉਂਕਿ ਗਿਆਨ ਵਿਹੂਣਾ ਤਰਕ-ਵਾਦੀ, ਦਲੀਲਬਾਜ਼ ਜਾਂ ਸੰਬਾਦ ਚਰਚਾ ਕਰਨ ਵਾਲਾ, ਹਉਮੈ ਗ੍ਰਸਤ ਸਰੀਰ, ਘੁਮੰਡੀ ਜ਼ਿਆਦਾ ਅਤੇ ਸਹਿਜ ਵਿਦਵਤਾ ਪੱਖੋਂ ਕਮਜ਼ੋਰ ਹੀ ਕਿਹਾ ਜਾ ਸਕਦਾ ਹੈ। ਅੱਜ ਐਸੀ ਸੋਚ ਵਾਲੇ ਲਿਖਾਰੀਆਂ ਦੀ, ਸਿੱਖ ਸਮਾਜ ਵਿੱਚ ਕੋਈ ਘਾਟ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਜੀਵਨ ਦੇ ਹਰ ਪੱਖ ਤੋਂ, ਆਤਮਿਕ ਅਨੰਦਤਾ ਦੀ ਪੂਰਨ ਸੋਝੀ ਪਰਦਾਨ ਕਰਦੇ ਹਨ। ਐ ਸਿੱਖ ਕੌਮ ਦੇ ਵਾਰਸੋ, ਗੁਰ-ਉਪਦੇਸ਼ ਵੱਲ ਧਿਆਨ ਦਿਓ, **ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੬੮੫/੧੨॥** ਐਸੇ ਅੰਮ੍ਰਿਤ ਰੂਪੀ ਸਾਗਰ ਦੀ ਅਨੰਦਤਾ ਮਾਣਦਿਆਂ, ਸ਼ਬਦ ਗੁਰੂ ਦੇ ਸਿੱਖ ਨੂੰ, ਚਿੱਕੜੀ ਟੋਭਿਆਂ ਵਿੱਚ ਟੁੱਭੀਆਂ ਮਾਰਨ ਦੀ ਲੋੜ ਹੀ ਮਹਿਸੂਸ ਕਿਉਂ ਹੋਵੇ ? **ਸਿੱਖ ਕੌਮ ਨੂੰ ਇਹ ਕਦੀ ਭੀ ਨਹੀਂ ਭੁੱਲਣਾ ਚਾਹੀਦਾ** ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਚ ਪ੍ਰਵਾਨਿਤ ਸਿੰਘਾਂ ਨੂੰ, ਕੌਮੀ ਅਗਵਾਈ ਦੀ ਬਖ਼ਸ਼ਿਸ਼ ਕਰਦਿਆਂ, ਪੂਰੇ ਗੁਰੂ (**ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੦੭੪/੧੩॥**) ਦੇ ਲੜ ਲਾ ਕੇ, ਹੋਰ ਕਿਸੇ ਧਿਰ (**ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥ ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥੧੦੨੨/੮॥**), ਹੋਰ ਰਚਨਾਵਾਂ ਜਾਂ ਲਿਖਤਾਂ ਦੇ ਆਸਰੇ ਵਾਲੀ ਭਾਵਨਾ ਹੀ ਮੁਕਾ ਦਿੱਤੀ ਸੀ। ਪਰ ਅਸੀਂ ਡੇਰਾਵਾਦੀ (ਬਾਬਾਵਾਦ) ਸ਼ਾਤਰ ਸੋਚ ਦੇ ਚੁੰਗਲ ਵਿੱਚ ਫਸ ਕੇ, ਆਪਣੇ ਗੁਰੂ ਵਲੋਂ ਖਿੱਚੀ ਫ਼ੈਸਲਾ ਕੁਨ (ਸਾਵਧਾਨਤਾ ਦੀ) ਲਕੀਰ ਟੱਪ ਕੇ, ਗੁਰੂ ਵਲੋਂ ਬੇਮੁੱਖਤਾਈ ਅਤੇ ਆਪਣੀ ਮੂਰਖਤਾਈ ਦਾ ਪੂਰਾ ਸਬੂਤ ਦੇਈ ਜਾ ਰਹੇ ਹਾਂ।

ਸੰਤ ਸਿੰਘ ਮਸਕੀਨ, ਕਾਮ ਰਸੀਆ (**ਕਾਮ ਗਾਥਾਵਾਂ ਦਾ ਗਿਆਤਾ ਅਤੇ ਚਰਿਤ੍ਰੋ ਪਖਯਾਨ ਦਾ ਹਮਾਇਤੀ**) ਘੋਸਾ ਜੀ ਦੀ ਕਿਤਾਬ ਦੀ ਪ੍ਰਸ਼ੰਸਾ ਆਮੁਖ (ਪਤਾ ਨਹੀਂ ਅਖੌਤੀ ਸਿੱਖ ਵਿਦਵਾਨ ਇਹੋ ਜਿਹੇ ਸ਼ਬਦ ਲਿਖ ਕੇ ਆਪਣੀ ਕਿਹੜੀ ਵਿਦਵਤਾ ਦਿਖਾਉਂਦੇ ਹਨ, ਜੋ ਸ਼ਬਦ ਪੰਜਾਬੀ ਕੋਸ਼ ਅਤੇ ਗੁਰੂ-ਬਾਣੀ ਵਿੱਚੋਂ ਲੱਭਣੇ ਹੀ ਮੁਸ਼ਕਲ ਹੋਣ) ਸਿਰਲੇਖ ਨਾਲ ਕਰਦੇ ਹਨ ਅਤੇ ਜਿਸਦੀ ਸ਼ੁਰੂਆਤ ਹੀ, ਭਾਵਤਯੀ ਵਿਦਯਤੇ ਦੇਵਾ, ਸ਼ਬਦਾਵਲੀ ਨਾਲ ਕਰਦੇ ਹਨ ਜਿਸ ਦਾ ਭਾਵ ਅਰਥ ਹੈ ਕਿ ਸ਼ਰਧਾ ਭਾਵਨਾ ਨਾਲ ਹੀ ਦੇਵ ਪ੍ਰਗਟ ਹੁੰਦਾ ਹੈ। ਦੇਖੋ ਇਨ੍ਹਾਂ ਬਿੱਪ੍ਰੀ ਵਿਦਵਾਨਾਂ ਨੂੰ, ਗੁਰੂਬਾਣੀ ਦੀ ਸ਼ਬਦਾਵਲੀ ਵਰਤਣਾ ਵੀ ਨਾ-ਪਸੰਦਗੀ (Allergy) ਹੈ। ਮਸਕੀਨ ਜੀ, ਗੁਰ-ਦਰਬਾਰਾਂ ਦੀਆਂ ਸਟੇਜਾਂ ਉੱਤੇ ਬੈਠ, ਮਿੱਠਤ ਬੋਲੀ

ਵਿੱਚ ਵਲੇਟ ਕੇ ਮਹੁਰਾ ਹੀ ਵਰਤਾਉਂਦੇ ਰਹੇ ਅਤੇ ਸਿੱਖ ਕੌਮ ਨੂੰ ਮੂਰਖ ਬਣਾ ਕੇ, ਬੇਅੰਤ ਮਾਇਆ ਬਟੋਰਦੇ ਰਹੇ ਹਨ। ਕੀ ਇਹ ਦੇਵ ਪ੍ਰਗਟ ਕਰਨ ਵਾਲਾ ਸ਼ਰਧਾਵਾਨ ਇਹ ਨਹੀਂ ਜਾਣਦਾ ਕਿ, ਗੁਰੂਬਾਣੀ ਵਿਚਾਰਧਾਰਾ, ਗਿਆਨ ਵਿਹੂਣੀ ਸ਼ਰਧਾ ਭਾਵਨਾ ਨੂੰ ਪਰਵਾਨ ਹੀ ਨਹੀਂ ਕਰਦੀ। ਗੁਰ ਉਪਦੇਸ਼ ਹੈ, **ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ॥ ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ** ॥੩੮/੪॥ **ਹਉਮੈ ਬੂਝੈ ਤਾ ਦਰੁ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ** ॥੪੬੬/੧੫॥ **ਗਿਆਨ ਵਿਹੂਣੀ ਭਵੈ ਸਬਾਈ** ॥੧੦੩੪/੧੭॥ ਜੇ ਕੋਈ ਗਿਆਨਮਈ ਸੋਚ ਦਾ ਸਾਥ ਦੇਵੇ ਜਾਂ ਸਿਫ਼ਤ ਕਰੇ ਤਾਂ ਸਿਆਣੇ ਕਹਿੰਦੇ ਹਨ, ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ ਹੈ ਪਰ ਜੋ ਅਗਿਆਨਤਾ ਦੀ ਪ੍ਰਸ਼ੰਸਾ ਕਰੇ ਤਾਂ ਉਸ ਬਾਰੇ ਕਹਿੰਦੇ ਹਨ—ਇੱਕ ਕਰੇਲਾ ਦੂਜਾ ਨਿੰਮ ਚੜ੍ਹਿਆ। ਗੁਰੂ ਪਿਆਰੇ ਗੁਰਸਿੱਖ ਨੇ ਕਲਪਿਤ ਦੇਵ ਨਹੀਂ, ਗੁਰੂਬਾਣੀ ਉਪਦੇਸ਼ ਰਾਹੀਂ ਆਪਣੇ ਅੰਦਰ ਰਮ ਰਹੇ ਪ੍ਰਮਾਤਮਾ (**ਸਭ ਮਹਿ ਜੋਤਿ ਜੋਤਿ ਹੈ ਸੋਇ**) ਨੂੰ ਪਰਗਟ ਕਰਨਾ ਹੈ।

ਹਰਪਾਲ ਸਿੰਘ ਪੰਨੂ ਅਤੇ ਜੋਧ ਸਿੰਘ ਨੇ ਵੀ ਖੋਸਾ ਜੀ ਦੀ ਲਿਖਤ ਕਿਤਾਬ ਨੂੰ ਸਲਾਹਿਆ ਹੈ। ਬਿੱਪ੍ਰ ਸੋਚ ਗਲ ਸਿੱਖੀ ਬਾਣਾ ਵਾਲੇ ਇਹ ਅਖੌਤੀ ਸਿੱਖ ਵਿਦਵਾਨ ਵੀ ਦਸਮ ਗ੍ਰੰਥ ਦੇ ਪੂਰਨ ਹਮਾਇਤੀ ਹਨ ਜਿਸ ਦੀ ਬਦੌਲਤ ਉੱਚ ਰੁਤਵੀਂ ਸੁਭਾਇਮਾਨ ਹਨ।

ਖੋਸਾ ਜੀ ਦੀ ਕਿਤਾਬ (ਸ੍ਰੀ ਦਸਮ ਗ੍ਰੰਥ ਸਾਹਿਬ, ਦਸਮੇਸ਼-ਕ੍ਰਿਤ ਪ੍ਰਮਾਣਿਕਤਾ) ਪੰਨਾ ੨੮, ਸਤਵਿੰਦਰਪਾਲ ਸਿੰਘ, ਬਲਵੀਰ ਸਿੰਘ ਤੇ ਖੋਸਾ ਜੀ, ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੂੰ ਲਿਖੀ ਚਿੱਠੀ ਦੀ ਸ਼ੁਰੂਆਤ, ਸ੍ਰੀ ਕਰਾਚੋਲੀ ਜੀ ਸਹਾਇ, ਨਾਲ ਕਰਦੇ ਹਨ। ਹੈਰਾਨੀ ਹੁੰਦੀ ਹੈ ਇਨ੍ਹਾਂ ਲੇਖਕਾਂ ਵਲੋਂ ਵਰਤੀ ਸ਼ਬਦਾਵਲੀ ਦੇਖ ਪੜ੍ਹ ਕੇ ਕਿ, ਕਿਹੋ ਜਿਹੇ ਘੁਮੰਡੀ ਅਤੇ ਹਉਮੈ ਗ੍ਰਸਤ ਹਨ ਇਹ ਅਖੌਤੀ ਵਿਦਵਾਨ, ਜੋ ਗੁਰੂ ਗ੍ਰੰਥ ਸਾਹਿਬ ਦੀ ਵਿਚਾਰ ਧਾਰਾ ਅਤੇ ਸ਼ਬਦਾਵਲੀ ਵਲੋਂ ਮੂੰਹ ਮੋੜ ਕੇ, ਪੌਰਾਣਿਕ ਗ੍ਰੰਥਾਂ ਦੀ ਸ਼ਬਦਾਵਲੀ ਅਤੇ ਮਨੌਤ ਨੂੰ ਸਹਾਈ ਹੋਣ ਲਈ ਕਿਵੇਂ ਲਿਲ੍ਹਕੜੀਆਂ ਕੱਢ ਰਹੇ ਹਨ ਅਤੇ ਨਾਲ ਹੀ ਪੌਰਾਣਿਕ ਲਿਖਤਾਂ ਨੂੰ, ਸਿੱਖ ਕੌਮ ਦੇ ਗਲ ਪਾਉਣ ਲਈ ਕਿਵੇਂ ਪੱਬਾਂ ਭਾਰ ਹੋਈ ਫਿਰਦੇ ਹਨ। ਕੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼, ਗੁਰਸਿੱਖ ਨੂੰ ਭਗਉਤੀ, ਖੜਗ, ਕਰਾਚੋਲੀ ਜਾਂ ਕਾਲਪੁਰਖ ਦੀ ਸਹਾਇਤਾ ਮੰਗਣ ਬਾਰੇ ਆਦੇਸ਼ (ਹੁਕਮ) ਦਿੰਦਾ ਹੈ ? ਜਿਹੋ ਜਿਹਾ (ਕਾਲਪੁਰਖ ਸ਼ਰਧਾਲੂ ਅਤੇ ਅਸ਼ਲੀਲਤਾਈ ਦਾ ਹਮਾਇਤੀ) ਲੇਖਕ, ਤਿਹੋ ਜਿਹੇ ਪ੍ਰਸ਼ੰਸਕ। ਇਹੋ ਜਿਹੇ, ਝੂਠ ਨੂੰ ਸੱਚ ਬਨਾਉਣ ਵਾਲੇ ਕਿਰਦਾਰ ਦੇਖ ਕੇ, ਪੰਜਾਬੀ ਦੀ ਇੱਕ ਕਹਾਉਤ ਯਾਦ ਆ ਜਾਂਦੀ ਹੈ ਕਿ, **ਠੱਗਾਂ ਦੀ ਟੋਲੀ, ਇੱਕੋ ਬੋਲੀ।**

ਖੋਸਾ ਜੀ ਦੀ ਕਿਤਾਬ ਸ੍ਰੀ ਦਸਮ ਗ੍ਰੰਥ ਸਾਹਿਬ ਦਸਮੇਸ਼ ਕ੍ਰਿਤ ਪ੍ਰਮਾਣਿਕਤਾ ਦੀ ਭੂਮਿਕਾ ਵਿੱਚ, ਸਤਵਿੰਦਰਪਾਲ ਸਿੰਘ ਲਿਖਦੇ ਹਨ ਕਿ, ਕੁੱਝ ਲੋਕ ਸਿੱਖ ਜਗਤ ਵਿੱਚ ਵੀ, ਦਸਮ ਗ੍ਰੰਥ ਬਾਰੇ ਵਾਦ-ਵਿਵਾਦ ਪੈਦਾ ਕਰ ਕੇ, ਖ਼ਾਲਸਾ ਪੰਥ ਵਿੱਚ ਫੁੱਟ ਪਾਉਣ ਅਤੇ ਸਿੱਖਾਂ ਨੂੰ ਭਰਮਾਊ ਦਲੀਲਾਂ ਰਾਹੀਂ ਸਿੱਖੀ ਦੇ ਮੁੱਢਲੇ ਅਤੇ ਸੁਨਹਿਰੀ ਅਸੂਲਾਂ ਤੋਂ ਦੂਰ ਕਰ ਕੇ ਨਾਸਤਿਕਤਾ ਵੱਲ ਪ੍ਰੇਰਨ ਦਾ ਕੁਕਰਮ ਕਰ ਰਹੇ ਹਨ।

ਵਾਹ ! ਸਤਵਿੰਦਰਪਾਲ ਜੀ, ਨਾਮ ਸਤ ਦੀ ਪਾਲਣਾ ਕਰਨ ਵਾਲਾ ਸਰੀਰ ਪਰ ਝੂਠ ਬੋਲਣ ਅਤੇ ਝੂਠ ਲਿਖਣ ਵਿੱਚ ਸਭ ਹੱਦਾਂ ਪਾਰ ਕਰ ਜਾਣ ਦੇ ਮਾਹਰ। ਕੀ ਤੁਸੀਂ

ਜਾਣਦੇ ਹੋ ਕਿ ਸਿੱਖੀ ਦੇ ਮੁੱਢਲੇ ਅਤੇ ਸੁਨਹਿਰੀ ਅਸੂਲ ਕਿਸ ਨੇ ਬਣਾਏ ਸਨ ? ਕੀ ਤੁਸੀਂ ਕੋਈ ਇਤਿਹਾਸਕ ਤੱਥ (ਪ੍ਰਮਾਣ) ਪੇਸ਼ ਕਰ ਸਕਦੇ ਹੋ, ਜੋ ਇਹ ਸਿੱਧ ਕਰੇ ਕਿ, ਦਸਮ ਗ੍ਰੰਥ ਨਾਮੀ, ਦੇਵਤਾਈ ਗਾਥਾਵੀ ਪੁਰਾਣ, ਸਿੱਖ ਕੌਮ ਨੂੰ, ਨਾਨਕ ਗੁਰ ਜੋਤਿ, ਗੁਰੂ ਗੋਬਿੰਦ ਸਿੰਘ ਜੀ ਨੇ ਆਪ ਦਿੱਤਾ ਜਾਂ ਇਸਦੇ ਲੜ ਲਾਇਆ ਸੀ ? ਕੀ ਸਿੱਖ ਰਹਿਤ ਮਰਯਾਦਾ ਵਿੱਚ, ਬਚਿੱਤ੍ਰ ਨਾਟਕ ਜਾਂ ਦਸਮ ਗ੍ਰੰਥ ਦਾ ਨਾਮ ਜਾਂ ਜ਼ਿਕਰ ਤੱਕ ਵੀ ਹੈ ? ਗੁਰਮਤਿ ਵਿਰੋਧੀ ਲਾਬੀ ਦੀਆਂ ਬੇ-ਖ਼ਰੀਦ ਕਠਪੁਤਲੀਆਂ ਉਹ ਲੋਕ ਹਨ ਜੋ ਇੱਕ ਬਚਿੱਤ੍ਰ ਨਾਟਕੀ (ਅਜੀਬ ਡਰਾਮਾ ਨੁਮਾ) ਰਚਨਾਵਾਂ ਜੋ ਸਿਰਫ਼ ਕਲਪਿਤ ਦੇਵੀ ਦੇਵਤਿਆਂ ਅਤੇ ਅਸ਼ਲੀਲਤਾਈ ਰੁਮਾਂਚਕ ਰਚਨਾਵਾਂ ਦਾ ਸੰਗ੍ਰਹਿ ਹੈ ਨੂੰ, ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ, ਬਣਾਈ ਜਾ ਰਹੇ ਹਨ। ਜੇ ਗੁਰੂ ਗੋਬਿੰਦ ਸਿੰਘ ਜੀ ਆਪਣੀ ਕੋਈ ਰਚਨਾ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਣਾ ਜਾਂ ਲਿਖਵਾਉਣਾ ਚਾਹੁੰਦੇ, ਕੀ ਕੋਈ ਉਨ੍ਹਾਂ ਨੂੰ ਰੋਕ ਸਕਦਾ ਸੀ ? ਜਦ ਉਨ੍ਹਾਂ ਨੇ ਆਪ ਸਿੱਖ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ, ਫਿਰ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਹੋਂਦ ਵਿੱਚ ਆਈਆਂ ਨਿਗੁਰੀਆਂ ਲਿਖਤਾਂ, ਸ਼ਬਦ ਗੁਰੂ ਦੇ ਸਿੱਖ ਕਿਉਂ ਪਰਵਾਨ ਕਰਨ। ਕੁੱਝ ਲੋਕਾਂ ਦੀ ਫ਼ਿਤਰਤ ਹੀ ਇਹੋ ਜਿਹੀ ਹੁੰਦੀ ਹੈ ਕਿ, ਝੂਠ ਬੋਲਣ ਤੇ ਝੂਠ ਲਿਖਣ ਦੇ ਗੁਨਹਗਾਰ ਹੋਣ ਦੇ ਬਾਵਜੂਦ ਵੀ, ਆਪਣੇ ਆਪ ਨੂੰ ਹੀ ਸਹੀ ਸਮਝਣ ਦਾ ਭ੍ਰਮ ਪਾਲੀ ਰੱਖਦੇ ਹਨ। ਸਿੱਖ ਦੇ ਨਿੱਤ ਨੇਮ ਵਿੱਚ, ਗੁਰੂ ਪਦਵੀ ਪਰਾਪਤ ਦੋ ਬਾਣੀਆਂ ਅਤੇ ਨਿਗੁਰੀਆਂ ਤਿੰਨ ਰਚਨਾਵਾਂ ਬਾਰੇ ਇਨ੍ਹਾਂ ਗੁਰੂ ਪੰਥ ਦੇ ਦਾਸਾਂ ਨੂੰ ਕੋਈ ਰਤਾ ਜਿੰਨਾ ਵੀ ਗਿਲਾ-ਸ਼ਿਕਵਾ ਨਹੀਂ ਹੈ ਪਰ ਨਿਗੁਰੀਆਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਨਾ ਮੰਨਣ ਤੇ ਕਹਿਣ ਵਾਲੇ ਇਨ੍ਹਾਂ ਗੁਰੂ ਪੰਥ ਦਾਸੀਆਂ ਨੂੰ, ਸਿੱਖੀ ਤੋਂ ਇਨਕਾਰੀ ਹੋਏ ਨਜ਼ਰ ਆਉਂਦੇ ਹਨ ਅਤੇ ਕਾਲ, ਮਹਾਂਕਾਲ, ਨਮੋ ਕਾਲਕਾ ਤੇ ਕਰਾਚੋਲੀ ਦੀ ਸਹਾਇਤਾ ਮੰਗਣ ਵਾਲੇ ਦੇਵ ਭਗਤ, ਸਿੱਖੀ ਦੇ ਸੁਹਿਰਦ ਦਿਸਦੇ ਹਨ।

ਅਮਰਜੀਤ ਸਿੰਘ ਖੋਸਾ ਅਤੇ ਇਸਦੇ ਪੈਰੋਕਾਰਾਂ ਦਾ ਕਾਲ ਜਾਂ ਕਾਲਪੁਰਖ ਕੌਣ ਹੈ, ਉਸਦੀ ਜਾਣ ਪਹਿਚਾਣ ਪਾਠਕਾਂ ਨਾਲ ਪਿੱਛੇ, ਟ੍ਰੈਕਟ ਦੇ ਪੰਨਾ ੭ ਦੇ ਉੱਤਰ ਵਿੱਚ ਕਰਵਾ ਦਿੱਤੀ ਹੈ। ਹੁਣ ਹੇਮਕੁੰਟ ਤਪੱਸਵੀ, ਜਿਸ ਨੇ ਜੋ ਮਹਾਂਕਾਲ ਕਾਲਕਾ ਅਰਾਧੀ, ਉਸ ਮਹਾਂ ਕਾਲ ਨਾਲ ਵੀ ਪਾਠਕਾਂ ਦੀ ਮੁਲਾਕਾਤ ਕਰਵਾ ਦਿੱਤੀ ਜਾਵੇ। **ਡਗਮਗ ਲੋਕ ਚਤੁਰ ਦਸ ਭਏ ॥ ਅਸੁਰਨ ਸਾਥ ਸਕਲ ਭਰਿ ਗਏ ॥ ਬ੍ਰਹਮਾ ਬਿਸ਼ਨ ਸਭੈ ਡਰਪਾਨੇ ॥ ਮਹਾਂ ਕਾਲ ਕੀ ਸਰਨਿ ਸਿਧਾਨੇ ॥੮੯॥੧੩੬੫॥** ਚੌਦਾਂ ਲੋਕ ਡਗਮਗਾ ਕੇ ਦੈਂਤਾਂ ਨਾਲ ਭਰ ਗਏ। ਬ੍ਰਹਮਾ ਵਿਸ਼ਨੂੰ ਸਭ ਡਰ ਨਾਲ ਭੈ-ਭੀਤ ਹੋ ਕੇ ਮਹਾਂ ਕਾਲ ਦੀ ਸ਼ਰਨ ਵਿੱਚ ਆਉਣ ਲਈ ਭੱਜੇ।੮੯। **ਇਹ ਬਿਧਿ ਸਭੈ ਪੁਕਾਰਤ ਭਏ ॥ ਜਨੁ ਕਰ ਲੂਟਿ ਬਨਿਕ ਸੇ ਲਏ ॥ ਤ੍ਰਾਹਿ ਤ੍ਰਾਹਿ ਹਮ ਸਰਨ ਤਿਹਾਰੀ ॥ ਸਭ ਭੈ ਤੇ ਹਮ ਲੇਹੁ ਉਬਾਰੀ ॥੯੦॥** ਮਹਾਂ ਕਾਲ ਦੇ ਸੌਂਹੇਂ ਉਹ ਇਸ ਤਰ੍ਹਾਂ ਰੋਣ ਤੇ ਪੁਕਾਰ ਕਰਨ ਲੱਗੇ ਜਿਵੇਂ ਕੋਈ ਲੁੱਟਿਆ ਹੋਇਆ ਬਾਣੀਆ ਚੀਕ ਰਿਹਾ ਹੋਵੇ। ਉਹ ਕਹਿਣ ਲੱਗੇ ਕਿ ਡਰ ਨਾਲ ਭੈ-ਭੀਤ ਹੋਏ ਅਸੀਂ ਤੁਹਾਡੀ ਸ਼ਰਨ ਆਏ ਹਾਂ, ਕ੍ਰਿਪਾ ਕਰਕੇ ਸਾਨੂੰ ਭੈ ਮੁਕਤ ਕਰੋ।੯੦। **ਤੁਮ ਹੋ ਸਕਲ ਲੋਕ ਸਿਰਤਾਜਾ ॥ ਗਰਬਨ ਗੰਜ ਗਰੀਬ ਨਿਵਾਜਾ ॥ ਆਦਿ ਅਕਾਲ ਅਜੋਨਿ ਬਿਨਾ ਭੈ ॥ ਨਿਰਬਿਕਾਰ ਨਿਰਲੰਬ ਜਗਤ ਮੈ ॥੯੧॥** ਤੁਸੀਂ ਸਭ ਲੋਕਾਂ ਦੇ ਸਿਰਤਾਜ ਹੋ, ਤੁਸੀਂ

ਘੁਮੰਡੀ ਲੋਕਾਂ ਦਾ ਨਾਸ਼ ਕਰਨ ਵਾਲੇ ਅਤੇ ਗਰੀਬ ਨਿਵਾਜ਼ ਹੋ। ਤੁਸੀਂ ਆਦਿ ਪੁਰਖ, ਅਕਾਲ, ਅਜੂਨੀ, ਅਭੈ, ਨਿਰਵਿਕਾਰ ਅਤੇ ਨਿਰਲੰਬ ਹੋ।੯੧। **ਨਿਰਬਿਕਾਰ ਨਿਰਜੁਰ ਅਬਿਨਾਸੀ ॥ ਪਰਮ ਜੋਗ ਕੇ ਤੱਤੁ ਪ੍ਰਕਾਸੀ ॥ ਨਿਰੰਕਾਰ ਨਵ ਨਿੱਤਯ ਸੁਯੰਭਵ ॥ ਤਾਤ ਮਾਤ ਜਹ ਜਾਤ ਨ ਬੰਧਵ ॥੯੨॥** ਤੁਸੀਂ ਵਿਕਾਰ ਰਹਿਤ, ਬੁਢਾਪਾ ਰਹਿਤ ਅਤੇ ਨਾਸ ਰਹਿਤ ਹੋ। ਤੁਸੀਂ ਪਰਮ ਜੋਗੀ ਤੇ ਤੱਤ ਪ੍ਰਕਾਸ਼ ਹੋ। ਤੁਸੀਂ ਆਕਾਰ ਰਹਿਤ, ਨਿੱਤ ਨਵੇਂ ਰਹਿਣ ਵਾਲੇ ਅਤੇ ਆਪਣੇ ਆਪ ਤੋਂ ਪ੍ਰਕਾਸ਼ਿਤ ਹੋ। ਤੁਹਾਡਾ ਨਾ ਕੋਈ ਮਾਤਾ, ਪਿਤਾ ਅਤੇ ਨਾ ਹੀ ਕੋਈ ਸਨਬੰਧੀ ਹੈ।੯੨। **ਤੁਮ ਜਗ ਕੇ ਕਾਰਨ ਕਰਤਾਰਾ ॥ ਘਟਿ ਘਟਿ ਕੀ ਮਤਿ ਜਾਨਨਹਾਰਾ ॥ ਨਿਰੰਕਾਰ ਨਿਰਵੈਰ ਨਿਰਾਲਮ ॥ ਸਭਹੀ ਕੇ ਮਨ ਕੀ ਤੁਹਿ ਮਾਲਮ ॥੯੭/੧੩੬੬॥** ਤੂੰ ਹੀ ਜਗਤ ਦਾ ਕਾਰਨ, ਕਰਤਾਰ ਹੈਂ ਅਤੇ ਤੂੰ ਹੀ ਘਟ ਘਟ ਦੀ ਜਾਨਣ ਵਾਲਾ ਹੈਂ। ਤੂੰ ਹੀ ਨਿਰਾਕਾਰ (ਨਿਰ-ਆਕਾਰ) ਨਿਰਵੈਰ ਅਤੇ ਨਿਰਾਲਾ ਹੈਂ, ਤੂੰ ਹੀ ਹਰ ਇੱਕ ਦੇ ਮਨ ਦੀ ਗਤੀ ਨੂੰ ਜਾਣਦਾ ਹੈਂ।੯੭। **ਤੁਮਹੀਂ ਬ੍ਰਹਮਾ ਬਿਸ਼ਨ ਬਨਾਯੋ ॥ ਮਹਾਂ ਰੁਦ੍ਰ ਤੁਮ ਹੀ ਉਪਜਾਯੋ ॥ ਤੁਮਹੀਂ ਰਿਖਿ ਕੱਸ਼ਪਹਿ ਬਨਾਵਾ ॥ ਦਿਤ ਅਦਿਤ ਜਨ ਬੈਰ ਬਢਾਵਾ ॥੯੮॥** ਤੂੰ ਹੀ ਬ੍ਰਹਮਾ ਅਤੇ ਵਿਸ਼ਨੂੰ ਨੂੰ ਪੈਦਾ ਕੀਤਾ, ਸ਼ਿਵਜੀ ਨੂੰ ਵੀ ਤੁਸੀਂ ਉਤਪੰਨ ਕੀਤਾ। ਤੁਸੀਂ ਹੀ ਕੈਸ਼ਪ ਰਿਖੀ ਨੂੰ ਬਣਾਇਆ ਅਤੇ ਤੁਸੀਂ ਹੀ ਦੇਵ-ਦਾਨਵਾਂ ਦੇ ਵਾਰਸਾਂ ਵਿੱਚ ਵੈਰ ਵਧਾਇਆ।੯੮। **ਚਰਨ ਪਰੇ ਇਹ ਬਿਧਿ ਬਿਨਤੀ ਕਰਿ ॥ ਤ੍ਰਾਹਿ ਤ੍ਰਾਹਿ ਰਾਖਹੁ ਹਮ ਧੁਰਧਰ ॥ ਕਹ ਕਹ ਹਸਾ ਬਚਨ ਸੁਨ ਕਾਲਾ ॥ ਭਗਤ ਜਾਨ ਕਰ ਭਯੋ ਕ੍ਰਿਪਾਲਾ ॥੧੦੦॥** ਅਸੀਂ ਚਰਨਾਂ ਵਿੱਚ ਪੈ ਕੇ ਬੇਨਤੀ ਕਰਦੇ ਹਾਂ, ਹੇ ਧਰਤੀ ਦੇ ਰਖਵਾਲੇ ਸਾਡੀ ਸਭ ਦੀ ਰੱਖਿਆ ਕਰੋ। ਇਹ ਸੁਣ ਕੇ ਕਾਲਾ (ਧਿਆਨ ਨਾਲ ਦੇਖੋ, ਮਹਾਂਕਾਲ ਤੇ ਕਾਲ ਇੱਕ ਹੀ ਹੈ) ਉੱਚੀ ਉੱਚੀ ਹੱਸਣ ਲੱਗਾ ਅਤੇ ਭਗਤਾਂ ਨੂੰ ਵੇਖ ਕੇ ਪ੍ਰਸੰਨ ਅਤੇ ਕ੍ਰਿਪਾਲੂ ਹੋ ਗਿਆ।੧੦੦। **ਕਰਿ ਕਰਿ ਕੋਪ ਕਾਲ ਸ੍ਰੀ ਤਬਹੀ ॥ ਰਥ ਪਰ ਚੜ੍ਹਾ ਸ਼ਸਤ੍ਰ ਲੈ ਸਭਹੀ ॥ ਸਕਲ ਸ਼ੱਤ੍ਰਅਨ ਕੇ ਛੈ ਕਾਰਨ ॥ ਸਭ ਸੰਤਨ ਕੇ ਪ੍ਰਾਨ ਉਬਾਰਨ ॥੧੦੨॥** ਤਦ ਮਹਾਂਕਾਲ (ਪੰਡਤ ਜੀ ਨੇ ਕਾਲ ਨੂੰ ਮਹਾਂਕਾਲ ਬਣਾ ਲਿਆ) ਬਹੁਤ ਗ਼ੁੱਸੇ ਵਿੱਚ ਆ ਕੇ ਸ਼ਸਤਰ ਅਸਤਰ ਲੈ ਕੇ ਰੱਥ ਵਿੱਚ ਚੜ੍ਹ ਗਿਆ ਅਤੇ ਦੁਸ਼ਮਣਾਂ ਨੂੰ ਮਾਰਨ ਅਤੇ ਸੰਤਾਂ ਦੀ ਰੱਖਿਆ ਖ਼ਾਤਰ ਚੱਲ ਪਿਆ।੧੦੨। **ਅਸਿਧੁਜ ਅਧਿਕ ਕੋਪ ਕਰਿ ਧਾਯੋ ॥ ਬੈਰਿ ਬ੍ਰਿੰਦ ਦਲ ਪ੍ਰਗਟ ਖਪਾਯੋ ॥ ਸਾਧੁਨ ਕੀ ਰੱਛਾ ਕਰਿ ਲੀਨੀ ॥ ਸ਼ੱਤ੍ਰ ਸੈਨ ਤਿਲ ਤਿਲ ਖੈ ਕੀਨੀ ॥੧੦੪॥** ਮਹਾਂਕਾਲ (ਅਸਿਧੁਜ ਬਣ ਗਿਆ) ਗ਼ੁੱਸੇ ਵਿੱਚ ਆ ਕੇ (ਬਿੱਪ੍ਰ ਦੇ ਪ੍ਰਮਾਤਮਾ ਨੂੰ ਗ਼ੁੱਸਾ ਭੀ ਆਉਂਦਾ ਹੈ, ਪਰ ਗੁਰਮਤਿ ਦਾ ਪ੍ਰਭੂ ਤਾਂ ਨਿਰਵੈਰੁ ਹੈ) ਬਹੁਤ ਤੇਜ ਚੱਲਿਆ ਅਤੇ ਵੈਰੀਆਂ ਦੇ ਦਲ ਨੂੰ ਉਸ ਨਸ਼ਟ ਕਰ ਦਿੱਤਾ। ਸਾਧੂਆਂ ਸੰਤਾਂ ਦੀ ਉਸ ਰੱਖਿਆ ਕੀਤੀ ਅਤੇ ਦੁਸ਼ਮਣ ਦੀ ਫ਼ੌਜ ਨੂੰ ਤਿਲ ਤਿਲ ਕਰ ਦਿੱਤਾ। ਇਹ ਹਨ ਸਨਾਤਨੀ ਪੌਰਾਣਾਂ ਦੀਆਂ ਗਾਥਾਵਾਂ ਦੇ ਕਾਲਪੁਰਖ ਤੇ ਮਹਾਂ ਕਾਲ, ਜੋ ਸਿੱਖ ਕੌਮ ਵਿੱਚ ਪਲਪ ਰਹੀ ਬਿੱਪ੍ਰ ਸੋਚ ਗਲ ਸਿੱਖੀ ਬਾਣੇ ਵਾਲਿਆਂ ਨੂੰ (ਖ਼ਾਸ ਕਰਕੇ ਜਿਸ ਟ੍ਰੈਕਟ ਤੇ ਕਿਤਾਬ ਦਾ ਜਵਾਬ ਦਿੱਤਾ ਜਾ ਰਿਹਾ ਹੈ, ਘੋਸਾ ਜੀ ਅਤੇ ਉਸਦੇ ਪੈਰੋਕਾਰਾਂ) ਨੂੰ, ਗੁਰੂਬਾਨੀ ਦੇ ਅਕਾਲ ਪੁਰਖ ਨਜ਼ਰ ਆਉਂਦੇ ਹਨ ਅਤੇ ਇਨ੍ਹਾਂ (ਕਲਪਿਤ ਦੇਵੀਆਂ ਤੇ ਦੇਵਤਿਆਂ) ਨੂੰ ਮੱਲੋਜ਼ੋਰੀਂ ਸਿੱਖ ਕੌਮ ਦਾ ਨਿਰਆਕਾਰ ਪ੍ਰਭੂ ਬਨਾਉਣ ਲਈ ਪੂਰੀ ਵਾਹ ਲਾਈ ਜਾ ਰਹੇ ਹਨ। ਇਹੋ ਜਿਹਾਂ ਲਈ ਗੁਰਬਾਣੀ ਦਾ ਉਪਦੇਸ਼ ਹੈ ਕਿ, **ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥੮੧੫/੯॥**

ਦਸਮ ਗ੍ਰੰਥ ਹਮਾਇਤੀਆਂ, ਘੋਸਾ ਜੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਇਸ਼ਟ, ਕਾਲ, ਅਕਾਲ, ਮਹਾਂਕਾਲ ਬਾਰੇ ਜਾਨਣ ਤੋਂ ਬਾਅਦ, ਭਗਉਤੀ, ਭਾਗਵਤੀ, ਦੁਰਗਾ ਬਾਰੇ ਵੀ ਕੁੱਝ ਜਾਣ ਸਮਝ ਲਈਏ। ਅਖੌਤੀ ਦਸਮ ਗ੍ਰੰਥ ਵਿੱਚ ਬਹੁਤ ਵੇਰ ਸ੍ਰੀ ਭਗਉਤੀ ਜੀ ਸਹਾਇ (ਸ੍ਰੀ ਭਗਉਤੀ ਦੀ ਸਹਾਇਤਾ) ਦੀ ਜਾਚਨਾ (ਬੇਨਤੀ, ਅਰਜ਼ੋਈ) ਕੀਤੀ ਹੋਈ ਹੈ। ਇਸ ਗ੍ਰੰਥ ਦੇ ਪੰਨਾ ੧੧੯ ਉੱਤੇ ਭਗਉਤੀ ਦੇ ਅਰਥ : ਮਹਾਂਕਾਲ, ਤਲਵਾਰ ਤੇ ਦੁਰਗਾ (ਸਨਾਤਨੀ ਪੁਰਾਣਾਂ ਅਨੁਸਾਰ, ਆਦਿ ਸ਼ਕਤੀ ਸ੍ਰੀ ਦਾ, ਸਰਗੁਣ ਅਵਤਾਰੀ ਰੂਪ ਹੈ ਦੁਰਗਾ, ਸ਼ੇਰ ਸਵਾਰ ਅਸਟ ਭੁਜੀ) ਲਿਖੇ ਹਨ ਤੇ ਗ੍ਰੰਥ ਦੇ ੭੧੭ ਪੰਨੇ ਉੱਤੇ ਭਗਉਤੀ ਦੇ ਅਰਥ ਸਿਰਫ਼ ਤਲਵਾਰ ਲਿਖੇ (ਇਹ ਬਿੱਪ੍ਰ ਚਤੁਰਾਈ ਹੈ ਸਚਾਈ ਨਹੀਂ) ਹਨ। ਤਲਵਾਰ, ਖੜਗ, ਕਿਰਪਾਨ, ਲੋਹ ਧਾਤ ਦਾ ਮਨੁੱਖਤਾ ਵਲੋਂ ਬਣਾਇਆ ਇੱਕ ਸ਼ਸਤਰ (ਹਥਿਆਰ) ਹੈ। ਹਥਿਆਰ, ਸਵੈ-ਰੱਖਿਆ ਦਾ ਇੱਕ ਸਾਧਨ ਤਾਂ ਹੋ ਸਕਦਾ ਹੈ, ਇਸ਼ਟ ਨਹੀਂ। ਦਲੇਰੀ ਦੇ ਹੱਥ ਫੜਿਆ ਸ਼ਸਤ੍ਰ ਦਲੇਰ ਅਤੇ ਕਮਜ਼ੋਰੀ ਦੇ ਹੱਥ ਫੜਿਆ ਸ਼ਸਤ੍ਰ ਕਮਜ਼ੋਰ ਹੀ ਹੁੰਦਾ ਹੈ। ਸ਼ਸਤਰ ਪੂਜਾ ਵੈਦਿਕ (ਆਰੀਆ ਵਰਤ, ਪੌਰਾਣਿਕ) ਸਿਧਾਂਤ ਹੈ, ਗੁਰਮਤਿ ਸਿਧਾਂਤ ਬਿਲਕੁਲ ਨਹੀਂ ਹੈ। ਜਿਹੜੀ ਵੀ ਸੋਚ ਜਾਂ ਸੰਪ੍ਰਦਾ, ਸ਼ਸਤਰ ਪੂਜਾ ਨੂੰ ਸਿੱਖ ਕੌਮ ਦੇ ਗਲ ਪਾਉਣ ਜਾਂ ਝੂਠੀਆਂ ਗਾਥਾਵਾਂ ਰਾਹੀਂ ਗੁਰਮਤਿ ਸਿਧਾਂਤ ਬਨਾਉਣ ਦੀ ਕੋਸ਼ਿਸ਼ ਕਰਦੀ ਆਈ ਜਾਂ ਕਰ ਰਹੀ ਹੈ, ਉਹ ਸੋਚ ਜਾਂ ਸੰਪ੍ਰਦਾ, ਬਿੱਪ੍ਰ ਦੀ ਗ਼ੁਲਾਮ (ਬੇ-ਖ਼ਰੀਦ ਕਠਪੁਤਲੀ) ਅਤੇ ਗੁਰਮਤਿ ਸਿਧਾਂਤਾਂ ਦੀ ਅਸਲ ਦੁਸ਼ਮਣ ਹੀ ਕਹੀ ਜਾ ਸਕਦੀ ਹੈ।

ਬਚਿੱਤ੍ਰ ਨਾਟਕੀ ਗ੍ਰੰਥ ਪੰਨਾ ੭੧੭, ਤਤਕਰੇ ਵਿੱਚ ਇਸ ਗਾਥਾ ਦਾ ਨਾਮ ਸ਼ਸਤ੍ਰ ਨਾਮ ਮਾਲਾ ਹੈ ਅਤੇ ਲਿਖਤ, ੭੧੭ ਪੰਨੇ ਉੱਤੇ, ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ (ਭਾਵ, ਸ੍ਰੀ ਆਦਿ ਸ਼ਕਤੀ ਦੇ ਸ਼ਸਤ੍ਰ ਨਾਮੀ ਗਾਥਾ) ਹੈ। ਸੱਚ ਇਹੀ ਹੈ ਕਿ ਇਸ ਗਾਥਾ ਵਿੱਚ, ਸ੍ਰੀ (ਆਦਿ ਸ੍ਰੀ ਲਛਮੀ ਰੂਪ ਦੁਰਗਾ, ਅਸਟਭੁਜੀ) ਦੇਵੀ ਦੇ ਸ਼ਸਤ੍ਰਾਂ ਅਸਤ੍ਰਾਂ ਨੂੰ ਦੇਵੀ ਦੀ ਸ਼ਕਤੀ ਹੀ ਮੰਨਿਆ ਗਿਆ ਹੈ। ਪੰਡਤ ਨਰੈਣ ਸਿੰਘ ਨੇ ਅਰਥ ਕਰਨ ਵੇਲੇ, ਕਿਸੇ ਮਜਬੂਰੀ ਤਹਿਤ ਹੀ ਸਹੀ, ਸ੍ਰੀ ਭਗਉਤੀ ਉਸਤਤਿ ਲਿਖ ਕੇ ਸਚਾਈ ਜ਼ਾਹਰ ਕਰ ਦਿੱਤੀ ਹੈ। **ਸ੍ਰੀ ਭਗਉਤੀ ਜੀ ਸਹਾਇ ॥ ਪਾਤਿਸ਼ਾਹੀ ੧੦॥** ਲਿਖਤ ਦੀ ਸ਼ੁਰੂਆਤ (**ਸਾਂਗ ਸਰੋਹੀ ਸੈਫ ਅਸ ਤੀਰ ਤੁਪਕ ਤਲਵਾਰ ॥ ਸੱਤ੍ਰਾਂਤਕ ਕਵਚਾਂਤਿ ਕਰ ਕਰੀਐ ਰੱਛ ਹਮਾਰ ॥ ੧॥ ਅਸ ਕ੍ਰਿਪਾਨ ਧਾਰਾਧਰੀ ਸੈਲ ਸੂਫ ਜਮਦਾਢ ॥ ਕਵਚਾਂਤਕ ਸੱਤ੍ਰਾਂਤ ਕਰ ਤੇਗ ਤੀਰ ਰਨਬਾਢ ॥੨॥ ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥**ਪੰਨਾ੭੧੭॥) ਸ਼ਸਤਰਾਂ ਦੇ ਨਾਮ ਨਾਲ ਹੁੰਦੀ ਹੈ। ਕੀ ਸ਼ਸਤਰ ਪੂਜਾ, ਗੁਰਮਤਿ ਦਾ ਸਿਧਾਂਤ ਹੈ ? ਕੀ ਗੁਰਬਾਣੀ ਵਿੱਚ, ਸ਼ਸਤਰ ਪੂਜਾ ਬਾਰੇ ਕੋਈ ਪ੍ਰਮਾਣ (ਉਪਦੇਸ਼) ਹੈ ? ਕੀ ਕਿਸੇ ਦੇ ਚਲਾਏ (ਸਹਾਰੇ ਜਾਂ ਆਸਰੇ) ਤੋਂ ਬਿਨਾਂ ਕੋਈ ਸ਼ਸਤ੍ਰ, ਕੁੱਝ ਕਰ ਸਕਦਾ ਹੈ ? ਗੁਰਬਾਣੀ ਬਚਨ ਹਨ, **ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ ॥ ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥**੧੨੩੯/੧॥ ਸੋ, ਉਸ ੧ਓ (ਕਰਤੇ) ਅਕਾਲ ਪੁਰਖ ਤੋਂ ਬਿਨਾਂ, ਉਸ ਦੀ ਕਿਰਤ (ਕਾਇਨਾਤ, ਕੀਤੇ ਹੋਏ) ਨਾਲ ਜੁੜਨਾ, ਅਰਾਧਨਾ ਜਾਂ ਪੂਜਾ ਕਰਨੀ, ਗੁਰਮਤਿ ਦਾ ਸਿਧਾਂਤ ਹੀ ਨਹੀਂ ਹੈ ਅਤੇ ਜੋ ਵੀ ਕੋਈ ਗੁਰਮਤਿ ਦੀ ਉਲੰਘਣਾ (ਸ਼ਸਤਰ ਪੂਜਾ ਦੀ ਹਮਾਇਤ) ਕਰਦਾ ਹੈ, ਉਸ ਦਾ ਸਿੱਖੀ ਬਾਨਾ ਸਿਰਫ਼ ਭੇਖ ਕਿਹਾ ਜਾ ਸਕਦਾ ਹੈ। ਅਜਿਹੀ ਸੋਚ ਨੂੰ, ਸ਼ਬਦ ਗੁਰੂ ਦੇ ਸਿੱਖ ਅਖਾਉਣ ਦਾ ਹੱਕ ਹੀ ਨਹੀਂ ਹੈ।

ਇਸ ੭੧੭ ਪੰਨੇ ਵਾਲੀ ਲਿਖਤ (ਸ੍ਰੀ ਸ਼ਸਤ੍ਰ ਨਾਮ ਮਾਲਾ) ਧਿਆਇ ਪਹਿਲੇ ਦੇ ੨੭ ਬੰਦ ਹਨ। ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਹੈ ਕੁਝ ਨਮੂਨਾ, **ਤੀਰ ਤੁਹੀ ਸੈਹਥੀ ਤੁਹੀ ਤੁਹੀ ਤਬਰ ਤਲਵਾਰ ॥ ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥੪॥** ਕੀ ਸ਼ਸਤ੍ਰ ਪੂਜਾ (ਅਰਾਧਨਾ) ਗੁਰਮਤਿ ਵਿਧਾਨ ਹੈ ਤੇ ਸ਼ਸਤਰਾਂ ਦੇ ਨਾਮ ਜਪਣ ਨਾਲ ਭਵ ਸਾਗਰ ਪਾਰ ਹੋ ਸਕਦਾ ਹੈ ? **ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ ॥ ਤੁਹੀ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗਬੀਰ ॥੫॥** ਤੂੰ ਹੀ ਕਾਲ ਭਾਵ ਮਹਾਂਕਾਲ ਹੈਂ, ਤੂੰ ਕਾਲੀ ਭਾਵ ਆਦਿ ਸ੍ਰੀ ਸ਼ਕਤੀ ਕਾਲਕਾ ਹੈਂ, ਤੂੰ ਤੇਗ਼ ਤੇ ਤੀਰ ਹੈਂ। ਤੂੰ ਹੀ ਜਿੱਤ ਦੀ ਨਿਸ਼ਾਨੀ (ਨਾਇਕਾ), ਤੂੰ ਹੀ ਜਗਤ ਦੀ ਸੂਰਮਤਾਈ ਹੈਂ।੫। **ਤੁਹੀ ਸੂਲ ਸੈਹਥੀ ਤਬਰ ਤੂੰ ਨਿਖੰਗ ਅਰੁ ਬਾਨ ॥ ਤੁਹੀ ਕਟਾਰੀ ਸੇਲ ਸਭ ਤੁਮਹੀ ਕਰਦ ਕ੍ਰਿਪਾਨ ॥੬॥** ਤੂੰ ਹੀ ਤ੍ਰਿਸ਼ੂਲ, ਬਰਛੀ, ਕੁਹਾੜਾ, ਭੱਥਾ, ਕਮਾਨ, ਕਟਾਰੀ, ਬਰਛਾ, ਕਰਦ ਤੇ ਕ੍ਰਿਪਾਨ ਤੂੰਹੀਂ ਹੈਂ।੬। **ਸ਼ਸਤ੍ਰ ਅਸਤ੍ਰ ਤੁਮਹੀ ਸਿਪਰ ਤੁਮਹੀ ਕਵਚ ਨਿਖੰਗ ॥ ਕਵਚਾਂਤਕ ਤੁਮਹੀ ਬਨੇ ਤੁਮ ਬਯਾਪਕ ਸਰਬੰਗ ॥੭॥** ਸ਼ਸਤਰ, ਅਸਤਰ, ਢਾਲ, ਕਵਚ, ਭੱਥਾ ਤੂੰਹੀ ਹੈਂ। ਕਵਚ ਤੋੜਨ ਵਾਲਾ (ਵਾਲੀ) ਵੀ ਤੂੰਹੀ ਬਣਿਆ (ਬਣੀ) ਅਤੇ ਤੂੰ ਹੀ ਸਰਵ-ਵਿਆਪਕ ਹੈਂ।੭। **ਸ੍ਰੀ ਤੂੰ ਸਭ ਕਾਰਨ ਤੁਹੀ ਤੂੰ ਬਿੱਦਯਾ ਕੋ ਸਾਰ ॥ ਤੁਮ ਸਭ ਕੋ ਉਪਰਾਜਹੀ ਤੁਮਹੀ ਲੇਹੁ ਉਭਾਰ ॥੮॥** ਦਸਮ ਗ੍ਰੰਥ ਦੇ ਇਸ ਪੰਨੇ ਦੇ ਫ਼ੁਟ ਨੋਟ ਵਿੱਚ, ਸ੍ਰੀ ਦੇ ਅਰਥ ਲਛਮੀ ਲਿਖੇ ਹੋਏ ਹਨ ਪਰ ਪੰਡਤ ਨਰੈਣ ਸਿੰਘ, ਗੁਰਮਤਿ ਨੂੰ ਉਲਝਾਉਣ ਵਾਲੇ ਸ੍ਰੀ ਨੂੰ ਮਾਇਆ ਲਿਖਦੇ ਹਨ, ਪੁਰਾਣਾਂ ਅਨੁਸਾਰ, ਮਾਇਆ ਪ੍ਰਕ੍ਰਿਤੀ ਵੀ ਸ੍ਰੀ ਹੀ ਹੈ। ਪੰਡਤ ਜੀ ਦੇ ਕੀਤੇ ਅਰਥ : ਮਾਇਆ ਤੂੰ ਹੈਂ, ਸਭ ਦਾ ਕਾਰਣ ਵੀ ਤੂੰ ਹੀ ਹੈਂ, ਤੂੰ ਹੀ ਵਿੱਦਿਆ ਦਾ ਨਿਚੋੜ ਹੈਂ। ਤੁਸੀਂ ਹੀ ਸਭ ਨੂੰ ਪੈਦਾ ਕਰਦੇ (ਕਰਦੀ) ਅਤੇ ਤੁਸੀਂ ਹੀ ਸਭ ਦੀ ਰੱਖਿਆ ਕਰਦੇ (ਕਰਦੀ) ਹੋ।੮। **ਤੁਮਹੀ ਦਿਨ ਰਜਨੀ ਤੁਹੀ ਤੁਮਹੀ ਜੀਅਨ ਉਪਾਇ ॥ ਕਉਤਕ ਹੇਰਨ ਕੇ ਨਮਿਤ ਤਿਨ ਮੋ ਬਾਦ ਬਢਾਇ ॥੯॥** ਤੂੰ ਹੀ ਦਿਨ ਅਤੇ ਤੂੰ ਹੀ ਰਾਤ ਹੈਂ, ਤੂੰ ਹੀ ਜੀਵਾਂ ਨੂੰ ਪੈਦਾ ਕਰਦਾ (ਕਰਦੀ) ਹੈਂ। ਤੁਸੀਂ ਆਪੇ ਹੀ ਤਮਾਸ਼ਾ ਵੇਖਣ ਦੇ ਵਾਸਤੇ ਉਹਨਾਂ ਜੀਵਾਂ ਦੇ ਵਿਚਕਾਰ ਝਗੜਾ ਖੜਾ ਕਰ ਦੇਂਦੇ (ਦਿੰਦੀ) ਹੋ।੯। **ਮੱਛ ਕੱਛ ਬਾਰਾਹ ਤੁਮ ਤੁਮ ਬਾਵਨ ਅਵਤਾਰ ॥ ਨਾਰ ਸਿੰਘ ਬਉਧਾ ਤੁਹੀਂ ਤੁਹੀਂ ਜਗਤ ਕੋ ਸਾਰ ॥੧੬॥ ਤੁਹੀਂ ਰਾਮ ਸ੍ਰੀ ਕ੍ਰਿਸ਼ਨ ਤੁਮ ਤੁਹੀਂ ਬਿਸ਼ਨ ਕੋ ਰੂਪ ॥ ਤੁਹੀਂ ਪ੍ਰਜਾ ਸਭ ਜਗਤ ਕੀ ਤੁਹੀਂ ਆਪ ਹੀ ਭੂਪ ॥੧੭॥ ਤੁਹੀਂ ਬਿਪ੍ਰ ਛਤ੍ਰੀ ਤੁਹੀਂ ਤੁਹੀਂ ਰੰਕ ਅਰੁ ਰਾਉ ॥ ਸ਼ਾਮ ਦਾਮ ਅਰੁ ਡੰਡ ਤੂੰ ਤੁਮਹੀ ਭੇਦ ਉਪਾਉ ॥੧੮॥ ਬਾਂਕ ਬਜ੍ਰ ਬਿਛੂਓ ਬਿਸਿਖਿ ਬਿਰਹਬਾਨ ਸਭ ਰੂਪ ॥ ਜਿਨਕੋ ਤੁਮ ਕਿਰਪਾ ਕਰੀ ਭਏ ਜਗਤ ਕੇ ਭੂਪ ॥੨੫॥ ਸੈਫ ਸਰੋਹੀ ਸ਼ੱਤ੍ਰ ਅਰਿ ਸਾਰੰਗਾਰਿ ਜਿਹ ਨਾਮ ॥ ਸਦਾ ਹਮਾਰੇ ਚਿਤ ਬਸੋ ਸਦਾ ਕਰੋ ਮਮ ਕਾਮ ॥੨੭॥** ਜੇਕਰ ਕੋਈ ਅਖੌਤੀ ਵਿਦਵਾਨ, ਇਸ ਪੂਰੀ ਲਿਖਤ ਨੂੰ ਪੜ੍ਹ ਕੇ ਵੀ ਭਗਉਤੀ ਦੇ ਅਰਥ ਤਲਵਾਰ, ਖੜਗ ਕਰਦਾ ਹੈ ਤਾਂ ਲੇਖਕ ਦਾ ਭੇਖੀ ਪਹਿਰਾਵਾ ਅਤੇ ਮੱਕਾਰੀ ਸੋਚ ਜੱਗ ਜ਼ਾਹਰ ਹੋ ਜਾਂਦੀ ਹੈ ਪਰ ਗ਼ੁਲਾਮ ਵਿਰਤੀ ਦੀ ਸੁੱਤੀ ਹੋਈ ਗ਼ੈਰਤ ਦਾ ਜਾਗਣਾ ਅਸੰਭਵ ਹੀ ਹੁੰਦਾ ਹੈ। ਇਸ ਸੋਚ ਦੇ ਗਲ ਪਈ ਗ਼ੁਲਾਮੀ ਦੀ ਜ਼ੰਜੀਰ, ਇਨ੍ਹਾਂ ਦੇ ਆਕਾ (ਮਾਲਕ) ਹੱਥ ਹੁੰਦੀ ਹੈ ਅਤੇ ਆਕਾ ਵਲੋਂ ਮਾਰੇ ਤੁਨਕੇ ਦੇ ਇਸ਼ਾਰੇ 'ਤੇ ਹੀ ਹਿੱਲਦੀ, ਚੱਲਦੀ ਬੋਲਦੀ ਤੇ ਲਿਖਦੀ ਹੈ।

ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਹੈ ਕੁੱਝ ਹੋਰ ਨਮੂਨਾ : **ਤੁਹੀ ਖੜਗਧਾਰਾ ਤੁਹੀ**

ਬਾਢਵਾਰੀ ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥ ਹਲੱਬੀ ਜੁਲੱਬੀ ਮਗਰਬੀ ਤੁਹੀ ਹੈਂ ॥ ਨਿਹਾਰੌਂ ਜਹਾਂ ਆਪੁ ਠਾਢੀ ਵਹੀ ਹੈਂ ॥੧॥ ਤੁਹੀ ਜੋਗ ਮਾਯਾ ਤੁਹੀ ਬਾਕਬਾਨੀ ॥ ਤੁਹੀ ਆਪੁ ਰੂਪਾ ਤੁਹੀ ਸ੍ਰੀ ਭਵਾਨੀ ॥ ਤੁਹੀ ਬਿਸ਼ਨ ਤੂੰ ਬ੍ਰਹਮ ਤੂੰ ਰੁਦ੍ਰ ਰਾਜੈ ॥ ਤੁਹੀ ਬਿਸ੍ਰਮਾਤਾ ਸਦਾ ਜੈ ਬਿਰਾਜੈ ॥੨॥ ਜਯੰਤੀ ਤੁਹੀ ਮੰਗਲਾ ਰੂਪ ਕਾਲੀ ॥ ਕਪਾਲਨਿ ਤੁਹੀ ਹੈ ਤੁਹੀ ਭੱਦ੍ਰਕਾਲੀ ॥ ਦੁਰਗਾ ਤੂੰ ਛਿਮਾ ਤੂੰ ਸ਼ਿਵਾ ਰੂਪ ਤੋਰੋ ॥ ਤੁਧਾਤ੍ਰੀ ਸ੍ਵਾਹਾ ਨਮਸ਼ਕਾਰ ਮੋਰੋ ॥੧੨॥ ਤੁਹੀ ਆਪ ਕੌ ਨਿਹਕਲੰਕੀ ਬਨੈ ਹੈ ॥ ਸਭੈ ਹੀ ਮਲੇਛਾਨ ਕੋ ਨਾਸ ਕੈਹੈ ॥ ਮੱਯਾ ਜਾਨ ਚੇਰੋ ਮਯਾ ਮੋਹਿ ਕੀਜੈ ॥ ਚਹੌਂ ਚਿੱਤ ਮੈ ਜੋ ਵਹੈ ਮੋਹਿ ਦੀਜੈ ॥੧੯॥ ਪੰਨਾ ੮੦੯-੧੦॥ ਕੀ ਇਹ ਕੁੱਝ ਪੜ੍ਹ ਕੇ ਵੀ, ਭੇਖੀ ਤੇ ਅਖੌਤੀ ਵਿਦਵਾਨ ਅਤੇ ਐਸੇ ਵਿਦਵਾਨਾਂ ਦੀ ਲਿਖਤ ਨੂੰ ਸੱਚ ਸਮਝਣ ਮੰਨਣ ਵਾਲੇ ਪਾਠਕ, ਨਮਸ਼ਕਾਰੀ ਖੜਗ ਨੂੰ, ਤਲਵਾਰ ਹੀ ਸਮਝਣ ਜਾਂ ਕਹਿਣਗੇ। ਜੇਕਰ ਫਿਰ ਵੀ ਕੋਈ ਆਪਣੀ ਅੜੀ ਉੱਤੇ ਅੜੀ ਜਾਵੇ ਤਾਂ ਸੱਚ ਜਾਣੋਂ ਐਸੇ ਸਰੀਰ, ਗਿਆਨ ਜਾਂ ਗ਼ੈਰਤ ਨਾਮੀ ਗੁਣਾਂ ਤੋਂ ਸੱਖਣੇ ਜਾਂ ਵਿਕੀ ਹੋਈ ਗ਼ੁਲਾਮ ਬਿਰਤੀ ਵਾਲੇ ਸਰੀਰ ਹੀ ਹੋ ਸਕਦੇ ਹਨ। ਜੇ ਇਹ ਕੁੱਝ ਪੜ੍ਹ ਕੇ ਵੀ ਸਿੱਖ ਕੌਮ, ਬਿੱਪ੍ਰਵਾਦੀਆਂ ਦੇ ਚੁੰਗਲ ਵਿੱਚ ਫਸੀ ਰਹਿਣਾ ਚਾਹੁੰਦੀ ਹੈ, ਫਿਰ ਇਨ੍ਹਾਂ ਨੂੰ ਕੋਈ ਸਮਝਾ ਅਤੇ ਬਿੱਪ੍ਰਵਾਦੀ ਵਹਿਣ ਵਿੱਚ ਵਹਿ ਜਾਣ ਤੋਂ ਬਚਾ ਹੀ ਨਹੀਂ ਸਕਦਾ। **ਜਿਸ ਸੋਚ ਨੂੰ ਅੱਜ ਤੱਕ ਇਹ ਸਮਝ ਨਹੀਂ ਆਈ ਕਿ, ਗੁਰੂਬਾਣੀ ਉੱਤੇ, ਨਿਗੁਰੀਆਂ ਲਿਖਤਾਂ ਭਾਰੂ ਕਿਉਂ ਤੇ ਕਿਵੇਂ ਹੋ ਗਈਆਂ ? ਸੱਚ ਜਾਣੋ ਉਹ ਸੋਚ ਸਤਿਗੁਰੂ ਦੀ ਬਾਣੀ ਅਤੇ ਸਿਧਾਂਤ ਵਲੋਂ ਮੂੰਹ ਮੋੜ ਚੁੱਕੀ ਹੈ ਅਤੇ ਇਹੋ ਜਿਹੀ ਸੋਚ ਬਾਰੇ ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥੨੩੩/੧੧॥**

ਖੋਸਾ ਜੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਦਾ ਇਸ਼ਟ, ਕਾਲ, ਮਹਾਂਕਾਲ, ਕਾਲਕਾ, ਭਗਉਤੀ ਕਰਾਚੋਲੀ ਆਦਿ ਹੀ ਹੈ। ਇਨ੍ਹਾਂ ਦੀ ਹਉਮੈ ਨੂੰ ਗੁਰੂ ਪਦਵੀ ਪਰਾਪਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵਰਤੇ ਗਏ ਅਕਾਲ ਪੁਰਖੀ ਸ਼ਬਦ, ਰਾਸ ਹੀ ਨਹੀਂ ਆਉਂਦੇ। ਇਨ੍ਹਾਂ ਦੇ ਅੰਦਰੋਂ ਤਾਂ, ਨਮੋ ਕਾਲਿਕਾ ਕਾਲ ਰੂਪੀ ਕ੍ਰਿਪਾਨੀ, ਸ੍ਰੀ ਕਰਾਚੋਲੀ ਜੀ ਸਹਾਇ ਜਾਂ ਸ੍ਰੀ ਭਗੌਤੀ (ਦਸਮ ਗ੍ਰੰਥ ਦੇ ਭਗਉਤੀ ਸ਼ਬਦ ਨੂੰ, ਇਸਦੇ ਪੈਰੋਕਾਰਾਂ ਨੇ ਆਪ ਹੀ ਬਦਲ ਕੇ ਭਗੌਤੀ ਬਣਾ ਲਿਆ) ਜੀ ਸਹਾਇ ਹੀ ਨਿਕਲਦਾ ਹੈ। ਇਸ ਬਚਿੱਤ੍ਰ ਨਾਟਕੀ ਲਿਖਤ ਨੂੰ ਲਿਖਣ ਅਤੇ ਬਚਿੱਤ੍ਰ ਨਾਟਕ ਤੋਂ ਦਸਮ ਗ੍ਰੰਥ ਬਨਾਉਣ ਵਾਲੇ ਕੌਣ ਸਨ ? ਗੁਰਮਤਿ ਵਿਰੋਧੀ ਲਾਬੀ ਵਲੋਂ ਤਿਆਰ ਕੀਤੇ, ਕਾਂਸ਼ੀ ਦੇ ਪੜ੍ਹੇ ਅਖੌਤੀ ਨਿਰਮਲੇ ਅਤੇ ਉਨ੍ਹਾਂ ਦੇ ਅਜੋਕੇ ਪੈਰੋਕਾਰ। ਇਸ ਨਿਗੁਰੀ ਲਿਖਤ ਦੀ ਹੋਂਦ ਦਾ ਪਰਚਾਰ ਕਰਨ ਅਤੇ ਗੁਰਮਤਿ ਵਿਚਾਰਧਾਰਾ ਨੂੰ ਧੁੰਧਲਾਉਣ ਵਾਲੇ ਪਹਿਲੇ, ਬਿੱਪ੍ਰ ਸੋਚ ਗਲ ਸਿੱਖੀ ਬਾਨਾ ਵਾਲੇ ਭੇਖੀ ਸਨ ਕੇਸਰ ਸਿੰਘ ਛਿੱਬਰ, ਜੋ ਗੁਰਮਤਿ ਮਾਰੂ ਜ਼ਹਿਰ ਉੱਤੇ, ਸਿੱਖੀ ਬਾਣੇ ਵਾਲੀ ਸੂਰਤ ਤੇ ਸੀਰਤ ਦਾ ਲੇਪਨ ਕਰ ਕੇ, ਇਹ ਵੈਦਿਕ ਪੁਰਾਣੀ ਮਹੁਰਾ, ਸਿੱਖ ਕੌਮ ਵਿੱਚ ਵਰਤਾ ਗਏ। ਅੱਗੇ ਉਨ੍ਹਾਂ ਦੇ ਅਨੇਕ ਜਾਨਸ਼ੀਨ ਬਣੇ ਪੰਡਤ ਨਰੈਣ ਸਿੰਘ, ਸਮੂਹ ਸੰਤ ਸਮਾਜ, ਟਕਸਾਲਾਂ, ਅਖੌਤੀ ਸੰਪ੍ਰਦਾਵਾਂ ਅਤੇ ਇਨ੍ਹਾਂ ਬਾਬਾ ਵਾਦੀਆਂ ਦੇ ਪੈਰੋਕਾਰ।

ਸਿੱਖ ਧਰਮ ਦੇ ਬਾਨੀ ਬਾਬਾ ਨਾਨਕ ਅਤੇ ਓਹਾ ਗਿਆਨ ਗੁਰ ਜੋਤਿ ਸਰੀਰਾਂ (ਸਿੱਖ ਸਤਿਗੁਰਾਂ) ਨੇ, ਆਪਣੀ ਪੈਰੋਕਾਰ ਸਿੱਖ ਕੌਮ ਨੂੰ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਜਿਸ ਦਾ ਉਪਦੇਸ਼, ਪੌਰਾਣਿਕ ਗ੍ਰੰਥਾਂ ਗਾਥਾਵਾਂ ਦੀਆਂ ਉਦਾਹਰਣਾਂ

ਤਾਂ ਦਿੰਦਾ ਹੈ ਪਰ ਗੁਰਮਤਿ ਵਿਚਾਰਧਾਰਾ ਅਨੁਸਾਰ ਸਭ ਕਲਪਿਤ ਗਾਥਾਵਾਂ ਨੂੰ ਰੱਦ ਵੀ ਕਰਦਾ ਹੈ। ਹੈਰਾਨੀ ਹੁੰਦੀ ਹੈ ਅਖੌਤੀ ਦਸਮ ਗ੍ਰੰਥ ਦੇ ਹਮਾਇਤੀਆਂ, ਗੁਰੂ ਪੰਥ ਦੇ ਦਾਸਾਂ ਅਤੇ ਇਹੋ ਜਿਹੀ ਸੋਚ ਰੱਖਣ ਵਾਲੇ ਇਨ੍ਹਾਂ ਦੇ ਪੈਰੋਕਾਰਾਂ ਦੀਆਂ ਦਲੀਲਾਂ ਪੜ੍ਹ ਕੇ। ਦਸਮ ਪਾਤਿਸ਼ਾਹ (ਗੁਰੂ ਗੋਬਿੰਦ ਸਿੰਘ) ਜੀ ਦੀ ਕਿਸੇ ਰਚਨਾ ਨੂੰ ਸਹੀ ਸਿੱਧ ਕਰਨ ਲਈ, ਗੁਰਬਾਣੀ ਵਿੱਚੋਂ ਇਨ੍ਹਾਂ ਨੂੰ ਕੋਈ ਪ੍ਰਮਾਣ ਨਹੀਂ ਮਿਲਦਾ, ਸਿਰਫ਼ ਅੱਕੀਂ ਪਲਾਹੀ (ਇੱਧਰ ਉੱਧਰ) ਹੱਥ ਮਾਰਦਿਆਂ (ਪਿੱਛੇ ਅਤੇ ਅੱਗੇ ਵਾਲੀ ਲਿਖਤ ਨੂੰ ਬਿਨ ਵੀਚਾਰੇ) ਚੁਣ ਚੁਣ ਕੇ ਕੁੱਝ ਪੰਗਤੀਆਂ ਢੂੰਢ ਕੇ, ਆਪਣੀ ਡੱਫਲੀ ਵਜਾਉਣ ਦੀ ਕੋਸ਼ਿਸ਼ ਕਰਦੇ ਹਨ। ਸੰਪ੍ਰਦਾਈ ਸੋਚ (ਬਿੱਪ੍ਰ ਸੋਚ ਗਲ ਸਿੱਖੀ ਬਾਣਾ) ਰੱਖਣ ਵਾਲੇ, ਸ਼ਬਦ ਗੁਰੂ ਦੇ ਸਿੱਖ ਬਣ ਹੀ ਨਹੀਂ ਸਕੇ ਕਿਉਂਕਿ ਉਹ ਸ਼ਬਦ ਗੁਰੂ ਦੇ ਸਿਧਾਂਤ ਵਲੋਂ ਤਾਂ ਮੁਨਕਰ ਹੋ ਸਕਦੇ ਹਨ ਪਰ ਆਪਣੇ ਆਕਾ (ਗੁਰਮਤਿ ਵਿਰੋਧੀ ਲਾਬੀ ਤੇ ਅਖੌਤੀ ਸਿੱਖ ਸੰਪ੍ਰਦਾਵਾਂ) ਦੇ ਫ਼ੁਰਮਾਨ ਦੀ ਉਲੰਘਣਾ ਕਦੀ ਨਹੀਂ ਕਰ ਸਕਦੇ। ਬਾਣੀ ਗੁਰੂ ਗੁਰੂ ਹੈ ਬਾਣੀ ਵਾਲੇ ਗੁਰਮਤਿ ਸਿਧਾਂਤ ਵਲੋਂ ਮੂੰਹ ਮੋੜ, ਪੰਥ ਦੇ ਦਾਸ ਬਣਨ ਵਾਲੇ, ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ (**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥...ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ** ॥੧੧੫੯-੫੯॥ **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ** ॥ ਅਤੇ, **ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ** ॥੩੫੦/੫॥ **ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ** ॥੯੨੦/੭॥) ਦੇ ਦਾਸ ਕਿਉਂ ਨਹੀਂ ਬਣਦੇ ?

ਬਚਿੱਤ੍ਰ ਨਾਟਕੀ ਗ੍ਰੰਥ ਦੀ ਸਮੂਹ (ਆਦਿ ਤੋਂ ਅੰਤ) ਲਿਖਤ ਦਾ ਇਸ਼ਟ (**ਤੁਮ ਜਗ ਕੇ ਕਾਰਨ ਕਰਤਾਰਾ ॥ ਘਟਿ ਘਟਿ ਕੀ ਮਤਿ ਜਾਨਨਹਾਰਾ ॥ ਨਿਰੰਕਾਰ ਨਿਰਵੈਰ ਨਿਰਾਲਮ ॥ ਸਭਹੀ ਕੇ ਮਨ ਕੀ ਤੁਹਿ ਮਾਲਮ** ॥੯੭/੧੩੬੬॥) ਸਨਾਤਨੀ ਵਿਚਾਰਧਾਰਾ ਅਨੁਸਾਰੀ ਦੇਵੀ ਦੇਵਾ ਹੀ ਹਨ। ਜਿਨ੍ਹਾਂ ਦਾ ਅਸਲ ਮੂਲ ਆਦਿ ਸ਼ਕਤੀ (**ਸ੍ਰੀ, ਲਛਮੀ**) ਅਤੇ ਮਹਾਂ ਕਾਲ (**ਸ਼ਕੀਰ ਸੁਕਦਾਈ ਵਿਸ਼ਨੂੰ**) ਹੀ ਹੈ, ਪਰ ਬਿੱਪ੍ਰਵਾਦੀ ਐਨਕ ਲੱਗੇ ਅਖੌਤੀ ਸਿੱਖ ਵਿਦਵਾਨਾਂ ਨੂੰ, ਦੇਵੀ ਦੇਵਾ ਵੀ ਗੁਰਮਤਿ ਅਨੁਸਾਰੀ ਨਿਰੰਕਾਰ ਹੀ ਨਜ਼ਰ ਆਉਂਦੇ ਹਨ। ਇਹ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼, **ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ** ॥੧੧੩੬/੪॥ ਨੂੰ ਤਾਂ ਨਜ਼ਰ-ਅੰਦਾਜ਼ ਕਰ ਸਕਦੇ ਹਨ ਪਰ ਸਨਾਤਨੀ ਮੱਤ ਦੇ ਦੇਵੀ ਦੇਵਾ ਨੂੰ ਨਿਰੰਕਾਰ ਬਨਾਉਣਾ ਤਾਂ ਇਨ੍ਹਾਂ ਦੀ ਮਜਬੂਰੀ ਬਣ ਗਈ ਹੈ ਜਿਸਨੂੰ ਇਹ ਬਿਲਕੁਲ ਨਹੀਂ ਭੁੱਲਦੇ। ਬਿੱਪ੍ਰਵਾਦੀ ਵਿਚਾਰਧਾਰਾ ਨੇ ਕਾਲ, ਮਹਾਂਕਾਲ, ਕਲਿ, ਮਹਾਂਦੇਵ (ਮਹਾਂਦੇਵ ਕੌ ਕਹਤ ਸਦਾ ਸ਼ਿਵ), ਖੜਗਕੇਤ, ਅਸਿਧੁਜ, ਅਸਿਕੇਤ, ਗਰੀਬ ਨਿਵਾਜ, ਆਦਿ ਅਕਾਲ ਅਜੋਨਿ, ਨਿਰਬਿਕਾਰ, ਨਿਰਲੰਬ, ਅਬਿਨਾਸੀ, ਤਤੁ ਪ੍ਰਕਾਸੀ, ਨਿਰੰਕਾਰ, ਨਿਰਵੈਰ ਨਿਰਾਲਮ, ਕਰੁਨਾਨਿਧਿ ਆਦਿ ਸਭ ਸ਼ਬਦਾਵਲੀ, ਸ਼ਕੀਰ ਸੁਕਦਾਈ ਵਿਸ਼ਨੂੰ ਰੂਪੀ ਮਹਾਂਕਾਲ ਵਾਸਤੇ ਹੀ ਵਰਤੀ ਹੈ, ਜਿਸ ਨੂੰ ਅਖੌਤੀ ਸਿੱਖ ਵਿਦਵਾਨ, ਗੁਰਮਤਿ (ਗੁਰੂ ਗ੍ਰੰਥ ਸਾਹਿਬ) ਵਾਲਾ ਅਕਾਲ ਪੁਰਖ ਬਣਾਈ ਜਾ ਰਹੇ ਹਨ। ਜਿਨ੍ਹਾਂ (ਸਨਾਤਨੀਆਂ ਜਾਂ ਸਨਾਤਨੀ ਸੋਚ ਰੱਖਣ ਵਾਲਿਆਂ) ਦਾ ਇਹ ਜਿਹੋ ਜਿਹਾ ਭੀ ਕਾਲ ਮਹਾਂਕਾਲ ਹੈ, ਉਨ੍ਹਾਂ ਨੂੰ ਮੁਬਾਰਕ ਪਰ ਗੁਰੂਬਾਣੀ ਵਿਚਾਰਧਾਰਾ ਅੰਦਰ ਐਸੇ ਆਕਾਰੀ ਅਤੇ ਸ਼ਸਤਰਧਾਰੀ ਹੋ ਕੇ ਲੜਨ ਵਾਲੇ ਪ੍ਰਭੂ ਲਈ ਕੋਈ ਥਾਂ ਨਹੀਂ ਹੈ। ਸਿੱਖ ਕੌਮ ਅੰਦਰ

ਕੈਂਸਰ ਰੋਗ ਦਾ ਜ਼ਹਿਰੀਲਾ ਮਾਦਾ (Virus) ਬਣ ਪੱਲਰ ਰਿਹਾ ਅਖੌਤੀ ਸੰਤ ਸਮਾਜ ਜੋ ਬਿੱਪ੍ਰਵਾਦੀ ਵਿਚਾਰਧਾਰਾ ਦਾ ਹੀ ਪੂਰਨ ਪੈਰੋਕਾਰ ਹੈ, ਇਨ੍ਹਾਂ ਬਿੱਪ੍ਰੀ ਗ੍ਰੰਥਾਂ, ਗਾਥਾਵਾਂ ਨੂੰ ਮੱਲੋਜ਼ੋਰੀਂ ਸਿੱਖ ਕੌਮ ਦੇ ਗਲ ਪਾਉਣ ਲਈ, ਬਿੱਪ੍ਰਵਾਦੀਆਂ ਨਾਲ ਕੀਤੀ ਸੌਦੇਬਾਜ਼ੀ ਤਹਿਤ, ਬਿੱਪ੍ਰ ਨਾਲ ਪੂਰੀ ਵਫ਼ਾਦਾਰੀ ਅਤੇ ਸਿੱਖ ਕੌਮ ਨਾਲ ਪੂਰੀ ਗ਼ੱਦਾਰੀ ਨਿਭਾ ਰਿਹਾ ਹੈ। ਸਿੱਖ ਕੌਮ ਦੀ ਬਹੁ-ਗਿਣਤੀ ਇਨ੍ਹਾਂ (**ਜਿਨ੍ ਮਨਿ ਹੋਰੁ ਮੁਖਿ ਹੋਰੁ**) ਦੇ ਭੇਖੀ ਬਾਣੇ ਦੇ ਮੱਕਾਰੀ ਜਾਲ ਵਿੱਚ ਫਸ ਕੇ, ਨਿਰ ਆਕਾਰ ਪ੍ਰਮਾਤਮਾ ਦੇ ਸਿਧਾਂਤ ਨੂੰ ਭੁੱਲ ਚੁੱਕੀ ਹੈ।

ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥ਪੰਨਾ ੩੯॥ **ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥੁ ਪ੍ਰਚੁਰ ਕਰਬੇ ਕੱਹ ਸਾਜਾ ॥ ਮੈਂ ਹੋ ਪਰਮ ਪੁਰਖ ਕੋ ਦਾਸਾ ਦੇਖਨਿ ਆਯੋ ਜਗਤ ਤਮਾਸਾ** ॥ਪੰਨਾ ੫੭॥ **ਤਹੀਂ ਪ੍ਰਕਾਸ਼ ਹਮਾਰਾ ਭਯੋ ॥ ਪਟਨਾ ਸ਼ਹਿਰ ਬਿਖੈ ਭਵ ਲਯੋ** ॥ਪੰਨਾ ੫੯॥ **ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ** ॥ਪੰਨਾ ੬੨॥ **ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ** ॥ਪੰਨਾ ੯੯॥ **ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ** ॥ਪੰਨਾ ੪੯੫॥ **ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ** ॥ਪੰਨਾ ੫੭੦॥ **ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ** ॥ਪੰਨਾ ੭੧੭॥ ਆਦਿ ਪੌਰਾਣਿਕ ਗਾਥਾਵੀ ਰਚਨਾਵਾਂ ਨੂੰ, ਬੜੇ ਜੋਸ਼ੀਲੇ ਸੁਰੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿੱਚ ਗਾਉਣ ਵਾਲੇ, ਸ਼ਾਇਦ ਨਾ-ਸਮਝੀ ਕਾਰਨ ਜਾਂ ਮਾਇਆ ਦੀ ਖ਼ਾਤਰ ਆਪਣਾ ਦੀਨ ਈਮਾਨ ਵੇਚੀ ਜਾ ਰਹੇ ਹਨ ਅਤੇ ਇਨ੍ਹਾਂ ਗਾਥਾਵਾਂ ਨੂੰ, ਸਤਿਗੁਰੂ ਜੀ ਦੇ ਦਰਬਾਰ ਵਿੱਚ ਗਵਾਉਣ ਵਾਲੇ (ਭਾਵ ਪ੍ਰਬੰਧਕ), ਸ਼ੁਹਰਤੀ ਪਦਵੀਆਂ ਅਤੇ ਚੌਧਰ ਦੀ ਖ਼ਾਤਰ ਆਪਣਾ ਦੀਨ ਈਮਾਨ ਤੇ ਗ਼ੈਰਤ, ਸ਼ੁਹਰਤ ਲੋਚ ਮਨ ਕੋਲ ਗਿਰਵੀ ਰੱਖ ਜਾਂ ਉੱਕਾ ਗਵਾ ਹੀ ਦਿੰਦੇ ਹਨ। ਸਿਆਣਿਆਂ ਦਾ ਕਥਨ ਹੈ ਕਿ, ਜਿਸ ਘਰ ਦਾ ਰਾਖਾ (ਭਾਵ ਕੁੱਤਾ) ਹੀ ਚੋਰਾਂ (ਜਾਂ ਦੁਸ਼ਮਣਾਂ) ਨਾਲ ਮਿਲ ਜਾਵੇ, ਫਿਰ ਉਸ ਘਰ ਨੂੰ ਲੁੱਟੇ ਜਾਣ ਤੋਂ ਕੌਣ ਬਚਾ ਸਕਦਾ ਹੈ?

ਸਰਬ ਸੰਸਾਰ ਦੇ ਸਮੂਹ ਧਰਮ ਗ੍ਰੰਥਾਂ ਦੇ ਲਿਖਣ ਬਾਰੇ ਪੜਚੋਲ ਕਰੀਏ ਤਾਂ ਸਿਰਫ਼ ਸਿੱਖ ਧਰਮ (ਸਿੱਖ ਕੌਮ) ਨੂੰ ਹੀ ਇਹ ਮਾਣ ਪਰਾਪਤ ਹੋਇਆ ਸੀ ਕਿ, ਸਿੱਖ ਧਰਮ (ਸਿੱਖ ਕੌਮ) ਦਾ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ), ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਅਤੇ ਉਨ੍ਹਾਂ ਦੀ ਗੁਰ ਜੋਤਿ ਜਾਨਸ਼ੀਨ, ਸਿੱਖ ਸਤਿਗੁਰਾਂ ਨੇ ਆਪ ਆਪਣੇ ਸਮੇਂ ਅਤੇ ਆਪਣੀ ਨਿਗਰਾਨੀ ਹੇਠ ਲਿਖ ਲਿਖਵਾ ਕੇ ਆਪਣੇ ਪੈਰੋਕਾਰਾਂ ਨੂੰ ਦਿੱਤਾ। ਹੋਰ ਸਮੂਹ ਸੰਸਾਰ ਦੇ ਸਭ ਧਰਮ ਗ੍ਰੰਥ, ਧਰਮ ਬਾਨੀਆਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਹੁਤ ਸਮਾਂ ਬਾਅਦ, ਉਨ੍ਹਾਂ ਦੇ ਪੈਰੋਕਾਰਾਂ ਵਲੋਂ ਲਿਖੇ ਗਏ। ਸਿੱਖ ਧਰਮ ਦਾ ਇਹ ਮਾਣ, ਸਮੂਹ ਧਰਮਾਂ ਦੀਆਂ ਅੱਖਾਂ ਦੀ ਰੜਕ ਅਤੇ ਸੀਨੇ ਦੀ ਚੀਸ ਬਣਿਆ ਰਹਿੰਦਾ ਸੀ ਤੇ ਹੈ। ਇਸੀ ਰੜਕ ਅਤੇ ਚੀਸ ਨਾਲ ਵਿਆਕੁਲ ਹੋਈ ਬਿੱਪ੍ਰਵਾਦੀ ਲਾਬੀ ਵਲੋਂ, ਸਿੱਖੀ ਭੇਖ ਵਿੱਚ ਅਖੌਤੀ ਦਸਮ ਗ੍ਰੰਥੀਏ ਤਿਆਰ ਕੀਤੇ ਜੋ ਸਿੱਖ ਕੌਮ ਦਾ ਸਵੈਮਾਣ ਤੋੜਨ ਲਈ, ਵੈਦਿਕ ਪੁਰਾਣਾਂ ਦੇ ਲੰਗੋਟੇ ਕੱਸ ਕੇ ਮੈਦਾਨੀਂ ਉਤਰੇ ਹਨ। ਜੋ ਮੱਲੋਜ਼ੋਰੀਂ ਬਚਿੱਤ੍ਰ ਨਾਟਕੀ ਲਿਖਤਾਂ (ਵੈਦਿਕ ਪੁਰਾਣਾਂ ਦੀਆਂ ਗਾਥਾਵਾਂ, ਜੋ ਸਿੱਖ ਸਤਿਗੁਰਾਂ ਨੇ ਉੱਕਾ ਹੀ ਤਿਆਗ ਦਿੱਤੀਆਂ ਸਨ) ਸਿੱਖ ਕੌਮ ਸਿਰ ਮੜ੍ਹੀ ਜਾ ਰਹੇ ਹਨ ਅਤੇ ਇਨ੍ਹਾਂ ਦਾ ਪੂਰਾ (ਹਰ ਹੀਲੇ ਅਤੇ ਵਸੀਲੇ, ਸਾਮ ਦਾਮ ਦੰਡ ਭੇਦ ਨਾਲ) ਸਾਥ ਦੇ ਰਹੀ ਹੈ ਸਨਾਤਨੀ (ਬਿੱਪ੍ਰਵਾਦੀ, ਰਾਸ਼ਟਰੀਆ ਸੋਇਮ ਸੰਘ) ਸੰਪ੍ਰਦਾ।

ਪਿੱਛੇ ਮੈਂ ਲਿਖ ਆਇਆ ਹਾਂ ਕਿ ਗੁਰੂ ਪੰਥ ਸ਼ਬਦ, ਗੁਰੂ ਮੱਤ ਅਨੁਸਾਰੀ (ਵਿਚਾਰਧਾਰਕ) ਨਹੀਂ ਹੈ। ਇਹ ਪੜ੍ਹ ਕੇ ਸ਼ਾਇਦ ਪਾਠਕ ਹੈਰਾਨ ਹੋਏ ਜਾਂ ਦੁਚਿੱਤੀ ਵਿੱਚ ਪਏ ਹੋਣਗੇ। ਸੋ ਇਸ ਵਿਚਾਰ ਨੂੰ ਸਪੱਸ਼ਟ ਕਰੀਏ। ਪਹਿਲਾਂ ਤਾਂ ਪਾਠਕ ਇਹ ਵਿਚਾਰ ਲੈਣ ਕਿ ਸਿੱਖ ਕੌਮ ਦੇ ਗੁਰੂ ਕਿੰਨੇ ਹਨ ? ਇੱਕ ਜਾਂ ਸੋਲ੍ਹਾਂ ? ਸ਼ਬਦ ਗੁਰੂ ਸਿਧਾਂਤ ਨੂੰ ਸਮਝਣਾ ਤੇ ਮੰਨਣਾ ਹੈ ਤਾਂ ਸਿੱਖ ਕੌਮ ਦਾ ਇੱਕ ਹੀ ਗੁਰੂ, ਸ਼ਬਦ (**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੯੪੩॥ ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥੬੪੬॥**) ਹੈ, ਜੋ ਅਬਿਨਾਸ਼ੀ ਹੈ। ਜੇ ਦੇਹਧਾਰੀ ਪੂਜਕ ਤੇ ਸ਼ੁਹਰਤ ਭੁੱਖੀ ਸੰਪ੍ਰਦਾਈ ਸੋਚ ਨੂੰ ਮੰਨਣਾ ਹੈ ਤਾਂ ਉਹ ਸੋਲ੍ਹਾਂ ਗੁਰੂ (ਦਸ, ਨਾਨਕ ਗੁਰ ਗੋਬਿੰਦ ਸਿੰਘ, ਗਿਆਰ੍ਹਵਾਂ ਗੁਰੂ ਗ੍ਰੰਥ ਸਾਹਿਬ, ਬਾਰ੍ਹਵਾਂ ਗੁਰੂ ਪੰਥ, ਤੇਰ੍ਹਵਾਂ ਗੁਰੂ ਸੰਗਤ, ਚੌਧਵਾਂ ਗੁਰੂ ਰੂਪ ਪੰਜ ਪਿਆਰੇ, ਪੰਦ੍ਹਵਾਂ ਗੁਰੂ ਤਿਆਰ-ਬਰ ਤਿਆਰ ਸਿੰਘ ਅਤੇ ਸੋਲ੍ਹਵਾਂ ਗੁਰੂ ਪੌਰਾਣਿਕ ਗਾਥਾਵੀ ਦਸਮ ਗ੍ਰੰਥ) ਬਣਾਈ ਤੇ ਮੰਨੀ ਬੈਠੇ ਹਨ। ਅਸਲ ਸ਼ਬਦਾਵਲੀ ਸੀ, ਗੁਰੂ ਦਾ ਪੰਥ ਅਤੇ ਗੁਰੂ ਦੀ ਸੰਗਤ, ਕੁਟਲ ਨੀਤੀ ਨੇ, ਦਾ ਅਤੇ ਦੀ ਸ਼ਬਦ ਕੱਢ ਕੇ, ਗੁਰੂ ਪੰਥ ਤੇ ਗੁਰੂ ਸੰਗਤ ਬਣਾ ਦਿੱਤੇ। ਸਿੱਖ ਧਰਮ ਵਿੱਚ ਦਾਖ਼ਲਾ (ਖੰਡੇ ਦੀ ਪਾਹੁਲ) ਲੈਣ ਵੇਲੇ ਅਤੇ ਸਿੱਖ ਦੇ ਨਿੱਤ-ਨੇਮ ਵਿੱਚ, ਸਿੱਖ ਕੌਮ ਦੇ ਗੁਰੂ, ਗੁਰੂ ਗ੍ਰੰਥ ਸਾਹਿਬ ਦੀਆਂ ਦੋ ਅਤੇ ਬਾਹਰੀ ਪੌਰਾਣਿਕ ਗਾਥਾਵੀ ਗ੍ਰੰਥ (ਜੋ ਸਿੱਖ ਸਤਿਗੁਰਾਂ ਨੇ ਆਪ ਸਿੱਖ ਕੌਮ ਨੂੰ ਦਿੱਤਾ ਹੀ ਨਹੀਂ) ਦੀਆਂ ਤਿੰਨ ਰਚਨਾਵਾਂ ਪੜ੍ਹੀਆਂ ਜਾਂਦੀਆਂ ਹਨ। ਜੋ ਅਖੌਤੀ ਸਿੱਖ ਸੰਪ੍ਰਦਾਵਾਂ ਦੀ ਹੀ ਦੇਣ ਹਨ। ਗੁਰੂਬਾਣੀ ਉੱਤੇ ਬਾਹਰੀ (ਨਿਗੁਰੀਆਂ ਤੇ ਨਿਖਸਮੀਆਂ) ਰਚਨਾਵਾਂ ਹਾਵੀ ਕਿਉਂ ਤੇ ਕਿਵੇਂ ਹੋ ਗਈਆਂ ? ਕੀ ਗੁਰੂ ਪੰਥ ਦੇ ਦਾਸ, ਇਸ ਕਿਉਂ ਤੇ ਕਿਵੇਂ ਦਾ ਜਵਾਬ ਦੇ ਸਕਣਗੇ ?

ਇਸ ਅਖੌਤੀ ਦਸਮ ਦੇ ਲੇਖਕ ਦੀ ਚਤੁਰਾਈ ਤਾਂ ਸਾਫ਼ ਨਜ਼ਰ ਆ ਜਾਂਦੀ ਹੈ ਪਰ ਜਿਸ ਬਿੱਪ੍ਰ (ਸੰਪ੍ਰਦਾਈ) ਸੋਚ ਦੀਆਂ ਅੱਖਾਂ ਉੱਤੇ ਢੀਠਤਾਈ ਦੀ ਐਨਕ ਲੱਗੀ ਹੋਈ ਹੈ, ਉਨ੍ਹਾਂ ਅੱਖਾਂ ਨੂੰ ਅਸਲ ਸਚਾਈ ਨਜ਼ਰ ਹੀ ਨਹੀਂ ਆਉਂਦੀ। ਜੋ ਕੁਟਲਿਤਾ, ਪਿੱਤਲ ਨੂੰ ਸੋਨਾ ਅਤੇ ਸੋਨੇ ਨੂੰ ਪਿੱਤਲ ਬਣਾ ਸਕਣ ਦੀ ਮਾਹਰ ਹੋਵੇ, ਉਸੇ ਨੂੰ ਹੀ ਤਾਂ ਮਿਲਦਾ ਹੈ ਬਾਨਾਰਸਿ ਕੇ ਠਗ ਨਾਮੀ ਪਦਵੀ ਵਾਲਾ ਪਰਮਾਣ ਪੱਤਰ। **ਪਹਿਲਾ ਚੰਡੀ ਚਰਿਤ੍ਰ (ਅਥ ਚੰਡੀ ਚਰਿਤ੍ਰ ਉਕਤਿ ਬਿਲਾਸ)** ਬਚਿੱਤ੍ਰ ਨਾਟਕ ਜਾਂ ਦਸਮ ਗ੍ਰੰਥ ਦੀ ਸੰਨ ੨੦੦੪ ਵਾਲੀ ਛਾਪ ਦੇ ੭੪ ਪੰਨੇ ਤੋਂ ਸ਼ੁਰੂ ਹੁੰਦਾ ਹੈ, ਜਿਸ ਵਿੱਚ ਲਿਖਾਰੀ ਲਿਖਦਾ ਹੈ, **ਕ੍ਰਿਪਾ ਸਿੰਧ ਤੁਮਰੀ ਕ੍ਰਿਪਾ ਜੋ ਕਛੁ ਮੋ ਪਹਿ ਹੋਇ ॥ ਰਚੋਂ ਚੰਡਕਾ ਕੀ ਕਥਾ ਬਾਣੀ ਸੁਭ ਹੋਇ ॥੨॥** ਹੇ ਕ੍ਰਿਪਾ ਦੇ ਸਮੁੰਦਰ ਜੇ ਮੇਰੇ ਉੱਤੇ ਤੇਰੀ ਕੁੱਝ ਕ੍ਰਿਪਾ ਹੋਵੇ ਤਾਂ ਚੰਡਕਾ (ਦੁਰਗਾ) ਦੀ ਸ਼ੁਭ ਗਾਥਾ ਲਿਖਾਂ। ਕ੍ਰਿਪਾ ਲਈ ਇਹ ਬੇਨਤੀ ਵਿਸ਼ਨੂੰ ਅੱਗੇ ਹੀ ਕੀਤੀ ਹੈ ਜਿਸ ਨੂੰ ਪੰਡਤ ਜੀ ਪ੍ਰਭੂ ਬਣਾ ਗਏ। ਇਸ ਲਿਖਤ ਦੇ ਸਤਵੇਂ ਧਿਆਇ ਤੱਕ ਹਰ ਧਿਆਇ ਦੇ ਅੰਤ 'ਤੇ ਲਿਖਿਆ ਹੈ, ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿੱਤ੍ਰ ਜਾਂ ਚੰਡੀ ਚਰਿਤ੍ਰੇ। ਅੱਗੇ ਅੱਠਵੇਂ ਧਿਆਇ ਜੋ ੨੩੩ਵੇਂ ਛੰਦ 'ਤੇ ਸਮਾਪਤ ਹੁੰਦਾ ਹੈ। ਇਸਦੇ ਅੰਤ ਵਿੱਚ ਚੰਡੀ ਚਰਿੱਤ੍ਰ ਨਹੀਂ ਲਿਖਿਆ, ਜਿਸ ਤੋਂ ਲਿਖਾਰੀ ਦੀ ਮੱਕਾਰ ਨੀਤੀ ਦੀ ਝਲਕ ਨਜ਼ਰ ਆ ਜਾਂਦੀ ਹੈ। ਇਸਦਾ ੨੩੧ਵਾਂ ਛੰਦ ਸਵੈਯਾ ਹੈ, **ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥** ਇਸੇ ਪੰਨੇ ਦੇ ਹੇਠ, ਛਾਪਕਾਂ ਵਲੋਂ ਸ਼ਿਵਾ ਦੇ ਅਰਥ ਮਹਾਂ ਸ਼ਕਤੀ (ਭਾਵ ਦੁਰਗਾ) ਲਿਖੇ ਹਨ ਅਤੇ ਕਾਸ਼ੀ ਦੇ ਪੜ੍ਹੇ ਅਤੇ ਅਖੌਤੀ ਦਸਮ ਗ੍ਰੰਥ ਦੇ ਪੂਰਨ ਹਮਾਇਤੀ ਪੰਡਤ

ਨਰੈਣ ਸਿੰਘ ਜੀ ਵੀ ਇੱਥੇ ਸ਼ਿਵਾ ਦੇ ਅਰਥ, ਮਹਾਂ ਸ਼ਕਤੀ ਹੀ ਕਰਦੇ ਹਨ ਕਿਉਂਕਿ ਸ਼ਿਵਾ ਨੂੰ ਦੁਰਗਾ ਕਹਿਣ ਵਿੱਚ ਉਨ੍ਹਾਂ ਨੂੰ ਸ਼ਰਮ ਮਹਿਸੂਸ ਹੁੰਦੀ ਹੈ। ਅੱਗੇ ੨੩੩ਵਾਂ ਬੰਦ ਹੈ, **ਗ੍ਰੰਥ ਸਤਿਸਯ ਕੋ ਕਰਿਓ ਜਾ ਸਮ ਅਵਰੁ ਨ ਕੋਇ ॥ ਜਿਹ ਨਮਿੱਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਸੋਇ ॥੨੩੩॥** ਦੇਖੋ ਪੰਡਤ ਨਰੈਣ ਸਿੰਘ ਜੀ ਦੀ ਚਤੁਰਾਈ, ਛੰਦ ੨੩੨ ਵਿੱਚ ਸਤਿਸਯ ਦੇ ਅਰਥ ਦੁਰਗਾ ਸਪਤਸਈ ਪੁਸਤਕ ਕਰਦੇ ਹਨ ਅਤੇ ਛੰਦ ੨੩੩ ਦੇ ਅਰਥ ਕਰਨ ਵੇਲੇ ਸਤਿਸਯ ਜੋ ਅਸਲ ਵਿੱਚ ਸ਼ਿਵ ਪਤਨੀ ਹੈ ਪਰ ਪੰਡਤ ਜੀ ਇਸਨੂੰ ਸਤਿਸਯ ਨਾਮੀ ਗ੍ਰੰਥ ਬਣਾ ਦਿੰਦੇ ਹਨ ਪਰ, ਅੱਗੇ ਆਇਆ ਚੰਡਕਾ ਦਾ ਨਾਮ ਕਿਵੇਂ ਬਦਲਣ, ਸੋ ਉਨ੍ਹਾਂ ਨੂੰ ਮਜਬੂਰਨ ਲਿਖਣਾ ਹੀ ਪਿਆ ਕਿ ਜਿਸ ਮਨੋਰਥ ਨੂੰ ਮੁੱਖ ਰੱਖ ਕੇ ਇਸ ਕਥਾ (ਇਸ ਚੰਡੀ ਚਰਿੱਤ੍ਰ) ਨੂੰ ਲਿਖਿਆ ਹੈ, ਦੁਰਗਾ ਮੇਰਾ ਉਹ ਮਨੋਰਥ ਪੂਰਨ ਕਰੇ। ਸਾਫ਼ ਜ਼ਾਹਰ ਹੈ ਕਿ ਚੰਡੀ ਚੰਡਿਕਾ, ਭਗਉਤੀ ਅਤੇ ਸ੍ਰੀ ਸਭ ਦੁਰਗਾ ਦੇਵੀ (ਸ਼ਿਵ ਪਤਨੀ) ਦੇ ਹੀ ਨਾਮ ਹਨ, ਫਿਰ ਇਨ੍ਹਾਂ ਲਿਖਤਾਂ ਨੂੰ ਦਸਵੇਂ ਪਾਤਿਸ਼ਾਹ ਦੀਆਂ ਲਿਖਤਾਂ ਕਹਿਣ ਵਾਲੇ ਅਤੇ ਸ਼ਿਵਾ (ਸ਼ਿਵ ਪਤਨੀ ਦੁਰਗਾ ਦੇਵੀ) ਤੋਂ ਵਰ ਮੰਗਦੇ ਦੱਸਣ ਲਿਖਣ ਤੇ ਮੰਨਣ ਵਾਲੇ ਕੌਣ ਹਨ ? ਕੀ ਇਹ ਗੁਰੂਬਾਣੀ ਉਪਦੇਸ਼, **ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਹਿ ਕਿਆ ਦੇਹਿ ॥੬੩੭॥** ਬਾਰੇ ਅਨਜਾਣ ਹਨ ਜਾਂ ਫਿਰ... ?

ਬੜੀ ਹੈਰਾਨੀ ਹੁੰਦੀ ਹੈ ਜਦ ਖੋਸਾ ਜੀ, ਗੁਰੂਬਾਣੀ ਵਿੱਚ ਆਏ ਸ਼ਬਦਾਂ ਦੀ ਤੁਲਨਾ ਬਚਿੱਤ੍ਰ ਨਾਟਕੀ ਲਿਖਤਾਂ ਦੀ ਸ਼ਬਦਾਵਲੀ ਨਾਲ ਕਰਦੇ ਹਨ। ਮਨੁੱਖਤਾ ਵਲੋਂ ਹਰ ਆਕਾਰ (ਜੀਵ ਜੰਤ, ਅੰਗ, ਜੜ੍ਹ, ਵਸਤੂ) ਅਤੇ ਨਿਰ-ਆਕਾਰ (ਪ੍ਰਮਾਤਮਾ, ਆਤਮਾ, ਸੋਚ, ਮਨ, ਗੰਧ ਆਦਿ) ਨਜ਼ਰ ਆਉਣ ਅਤੇ ਨਜ਼ਰ ਨਾ ਆਉਣ ਵਾਲੀ ਹਰ ਸ਼ੈ ਨੂੰ, ਆਪਣੀ ਪਛਾਣਕ ਜਾਣਕਾਰੀ ਲਈ ਕੋਈ ਨਾਮ ਦਿੱਤਾ ਹੋਇਆ ਹੈ। ਉਸ ਨਾਮ ਨੂੰ ਲਿਖਤ ਵਿੱਚ ਲਿਆਉਣ ਵੇਲੇ ਕਿਹੋ ਜਿਹਾ ਰੂਪ ਦੇਣਾ (ਕਿਹੋ ਜਿਹੀ ਸ਼ਬਦਾਵਲੀ ਵਰਤਣੀ) ਹੈ, ਇਹ ਲੇਖਕ ਦੀ ਆਪਣੀ ਮਨੋ ਵਿਰਤੀ ਦਾ ਪ੍ਰਮਾਣ ਹੁੰਦਾ ਹੈ। ਅਮਰਜੀਤ ਸਿੰਘ ਖੋਸਾ ਨੂੰ, ਗੁਰੂ ਗ੍ਰੰਥ ਸਾਹਿਬ ਜੀ ਦੀ ਗਿਆਨਮਈ, ਸਿੱਖਿਅਕ ਜਾਂ ਉਦਾਹਰਣ ਸ਼ਬਦਾਵਲੀ ਅਤੇ ਬਚਿੱਤ੍ਰ ਨਾਟਕੀ ਰਚਨਾ ਤ੍ਰਿਆ ਚਰਿਤ੍ਰਾਂ ਦੀ ਵਿਭਚਾਰਕ ਸ਼ਬਦਾਵਲੀ ਵਿੱਚ ਕੋਈ ਅੰਤਰ ਹੀ ਨਜ਼ਰ ਨਹੀਂ ਆਉਂਦਾ। ਜੋ ਪ੍ਰਾਣੀ (**ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥...ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ ॥੩੦੪/੧॥**) ਗੁਰੂਬਾਣੀ ਦੀ ਤੁਲਨਾ ਨਿਗੁਰੀ ਤੇ ਵਿਭਚਾਰਕ ਸ਼ਬਦਾਵਲੀ ਨਾਲ ਕਰੇ, ਉਸ ਪ੍ਰਾਣੀ ਦੀ ਸੋਚ ਉੱਤੇ ਤਾਂ ਬਿਨ ਕਿੰਤੂ ਕੀਤਿਆਂ ਹੀ ਪ੍ਰਸ਼ਨ ਚਿੰਨ੍ਹ (?) ਲੱਗ ਜਾਂਦਾ ਹੈ ਪਰ ਹੈਰਾਨੀ ਹੁੰਦੀ ਹੈ ਉਨ੍ਹਾਂ ਸਰੀਰਾਂ ਉੱਤੇ ਜੋ ਬਿਨ ਵਿਚਾਰੇ ਇਹੋ ਜਿਹੀ ਸੋਚ ਵਾਲੇ ਦੇ ਸਾਥੀ ਬਣ ਜਾਂਦੇ ਹਨ। ਇਹੋ ਜਿਹੇ ਪਿੱਛਲੱਗਾਂ ਵਾਸਤੇ ਹੀ ਗੁਰੂਬਾਣੀ ਨੇ ਕਿਹਾ ਹੈ ਕਿ, **ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥੯੫੪/੧੫॥** ਅਤੇ, **ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੭੮੯/੧੬॥**

ਖੋਸਾ ਜੀ, ਆਪਣੀ ਕਿਤਾਬ (ਸ੍ਰੀ ਦਸਮ ਗ੍ਰੰਥ ਸਾਹਿਬ, ਦਸਮੇਸ਼-ਕ੍ਰਿਤ ਪ੍ਰਮਾਣਿਕਤਾ, ਜੋ ਗੁਰੂ ਪੰਥ ਦਾਸੀਆਂ ਦੇ ਟ੍ਰੈਕਟ ਦਾ ਆਧਾਰ ਹੈ) ਵਿੱਚ, ਗੁਰੂਬਾਣੀ ਦੀਆਂ ਪੰਗਤੀਆਂ ਜਿਨ੍ਹਾਂ

ਵਿੱਚ, ਭੋਗ, ਭਗ, ਰਾਵਣ, ਟਟਾ, ਫਾਕੈ ਆਦਿ ਸ਼ਬਦਾਵਲੀ ਵਰਤੀ ਹੋਈ ਹੈ, ਉਹ ਸ਼ਬਦਾਵਲੀ ਖੋਸਾ ਜੀ ਨੂੰ, ਦਸਮ ਗ੍ਰੰਥ ਦੀ ਅਸ਼ਲੀਲਤਾ ਨਾਲ ਮੇਲ ਖਾਂਦੀ ਹੀ ਪ੍ਰਤੀਤ ਹੁੰਦੀ ਹੈ। ਦਸਮ ਗ੍ਰੰਥ ਨੂੰ ਸਹੀ ਸਿੱਧ ਕਰਨ ਲਈ, ਗੁਰੂ ਰੂਪ ਬਾਣੀ ਦੀਆਂ ਪੰਗਤੀਆਂ ਜਾਂ ਸ਼ਬਦਾਵਲੀ ਦੀ ਤੁਲਨਾ ਖੋਸਾ ਜੀ, ਦਸਮ ਗ੍ਰੰਥ ਦੀ ਅਸ਼ਲੀਲਤਾ ਨਾਲ ਕਰਦੇ ਹਨ। ਬਲਿਹਾਰ ਜਾਈਏ ਅਜਿਹੇ ਸਿੱਖ ਅਖਾਉਣ ਵਾਲਿਆਂ ਦੀ ਬਿੱਪ੍ਰ ਗ਼ੁਲਾਮ ਸੋਚ ਦੇ। ਪਾਠਕ, ਸਿੱਖ ਕੌਮ ਦੀ ਗੁਰਤਾ ਪਰਾਪਤ ਗੁਰੂਬਾਣੀ ਦੀਆਂ ਪੰਗਤੀਆਂ ਪੜ੍ਹਨ ਅਤੇ ਵਿਚਾਰਨ ਕਿ ਇਨ੍ਹਾਂ ਵਿੱਚੋਂ ਅਸ਼ਲੀਲਤਾਈ ਵਾਲਾ ਕਿਹੜਾ ਉਪਦੇਸ਼ ਮਿਲਦਾ ਹੈ:

ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ ॥
ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ ॥੨੬/੧੬॥
ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥੭੦੩/੧੭॥
ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੧੨੬੬/੭॥
ਮਾਣੈ ਰੰਗ ਭੋਗ ਬਹੁ ਨਾਰੀ ॥੧੭੬/੨॥
ਗੋਤਮ ਨਾਰਿ ਉਮਾਪਤਿ ਸੁਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥੭੧੦/੧੭॥
ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥੭੮੫/੬॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੫੪/੧੧॥
ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ ॥੪੩੩/੫॥
ਮੈ ਮਤ ਜੋਬਨਿ ਗਰਬਿ ਗਾਲੀ ਦੂਧਾ ਥਣੀ ਨ ਆਵਏ ॥੨੪੨/੯॥
ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੬੧੬/੭॥

ਇਨ੍ਹਾਂ ਗੁਰੂ ਪਦ ਪਰਾਪਤ ਪੰਗਤੀਆਂ ਦੇ ਅਰਥ ਪਾਠਕ ਆਪ, ਭਾਈ ਸਾਹਿਬ ਸਿੰਘ ਦੇ ਟੀਕੇ, *ਗੁਰੂ ਗ੍ਰੰਥ ਸਾਹਿਬ ਦਰਪਣ* ਵਿੱਚੋਂ ਜਾਂ ਇੰਟਰਨੈੱਟ 'ਤੇ ਦੇਖ ਪੜ੍ਹ ਸਕਦੇ ਹਨ ਕਿ ਇਨ੍ਹਾਂ ਪੰਗਤੀਆਂ ਵਿੱਚ ਵਰਤੀ ਸ਼ਬਦਾਵਲੀ ਕਿਸ ਲਹਿਜੇ ਵਿੱਚ ਵਰਤੀ ਗਈ ਹੈ ਅਤੇ ਖੋਸਾ ਜੀ ਨੂੰ ਇਸ ਸ਼ਬਦਾਵਲੀ ਵਿੱਚੋਂ, ਚਰਿਤ੍ਰੋ ਪਖਯਾਨ ਜਿਹੀ ਅਸ਼ਲੀਲ ਵਿਭਚਾਰਤਾ ਕਿਵੇਂ ਤੇ ਕਿੱਥੇ ਨਜ਼ਰ ਆਉਂਦੀ ਹੈ।

ਹੁਣ ਪਾਠਕ, ਤ੍ਰਿਆ ਚਰਿੱਤ੍ਰੀ ਵਿਭਚਾਰਕ ਸ਼ਬਦਾਵਲੀ ਵੱਲ ਵੀ ਝਾਤ ਮਾਰ ਲੈਣ, ਜੋ ਖੋਸਾ ਜੀ ਨੂੰ, ਗੁਰੂਬਾਣੀ ਜਿਹੀ ਸਿੱਖਿਆ ਦਾਇਕ ਹੀ ਨਜ਼ਰ ਆਉਂਦੀ ਹੈ। ਬਲਿਹਾਰ ਜਾਈਏ ਖੋਸਾ ਜੀ ਦੀ, ਗਊ ਗਧੇ ਦੀ ਪਛਾਣ ਕਰਨ ਵਾਲੀ ਬਿੱਪ੍ਰ ਵਿਰਤੀ ਦੇ।

ਤੁਮ ਮਦਰਾ ਪੀਵਹੁ ਘਨੋ ਹਮੈ ਪਿਵਾਵਹੁ ਭੰਗ ॥
ਚਾਰਿ ਪਹਰ ਕੌ ਮਾਨਿਹੌ ਭੋਗਿ ਤਿਹਾਰੇ ਸੰਗ ॥੩੯/੯੩੨॥
ਯਾ ਘੋਰੀ ਕੇ ਭਗ ਬਿਖੈ ਜੀਭ ਦਈ ਸੌ ਬਾਰ ॥
ਤੁਰਤੁ ਰੋਗ ਹਮਰੋ ਕਟਯੋ ਸੁਨਹੁ ਬੈਦ ਉਪਚਾਰ ॥੨੯/੯੯੯॥
ਤਬੈ ਬੈਦ ਸੋਊ ਕ੍ਰਿਆ ਕਮਾਈ ॥ ਤਾ ਕੇ ਭਗ ਮੈਂ ਜੀਭ ਧਸਾਈ ॥
ਕਹਯੋ ਚਮਰੁ ਤੂੰ ਸੋ ਲਗਿ ਗਈ ॥ ਅਤਿ ਹਾਸੀ ਗਦਹਾ ਕੋ ਭਈ ॥੩੦/੯੯੯॥
ਤੇਜ ਅਸਤੁਰਾ ਏਕ ਮੰਗਾਯੋ ॥ ਨਿਜ ਕਰ ਗਹਿਕੈ ਰਾਵ ਚਲਾਯੋ ॥
ਤਾਂ ਕੀ ਮੂੰਡਿ ਝਾਂਟਿ ਸਭ ਡਾਰੀ ॥ ਦੈਕੈ ਹਸੀ ਚੰਚਲਾ ਤਾਰੀ ॥੧੦/੧੦੯੨॥

ਪਾਨਿ ਭਰਾਯੋ ਰਾਵ ਤੇ ਨਿਜੁ ਕਰ ਝਾਂਟਿ ਮੁੰਡਾਇ॥
ਹੋਡ ਜੀਤ ਲੇਤੀ ਭਈ ਤਿਨ ਅਬਲਾਨ ਦਿਖਾਇ॥੧੧/੧੦੯੨॥
ਭਾਂਗ ਪੁਰਖ ਵੈ ਪਿਯਹਿ ਭਗਤ ਹਰਿ ਕੀ ਜੇ ਕਰਹੀ॥
ਭਾਂਗ ਭਖਤ ਵੈ ਪੁਰਖ ਕਿਸੂ ਕੀ ਆਸ ਨ ਧਰਹੀ॥
ਅਮਲ ਪਿਯਤ ਤੇ ਬੀਰ ਬਰਤ ਜਿਨ ਤ੍ਰਿਨ ਮਸਤਕ ਪਰ॥
ਤੇ ਕਿਯਾ ਪੀਵਹਿ ਭਾਂਗ ਰਹੈ ਜਿਨਕੇ ਤਕਰੀ ਕਰ॥੧੩/੧੧੬੦॥
ਰਾਜਾ ਪਿਯਤ ਅਮਲ ਸਭ ਭਾਰੀ॥ ਭਾਂਤਿ ਭਾਂਤਿ ਸੌ ਭੋਗਤ ਨਾਰੀ॥
ਪੋਸਤ ਭਾਂਗ ਅਫ਼ੀਮ ਚੜ੍ਹਾਵੈ॥ ਪਯਾਲੇ ਪੀ ਪਚਾਸਇਕ ਜਾਵੈ॥੩/੧੧੫੯॥
ਅੜਿੱਲ॥ ਭਾਂਤਿ ਭਾਂਤਿ ਰਨਯਨਿ ਸੋ ਭੋਗ ਕਮਾਵਈ॥
ਆਸਨ ਚੁੰਬਨ ਕਰਤ ਨ ਗਨਨਾ ਆਵਈ॥
ਚਾਰਿ ਪਹਰ ਰਤਿ ਕਰੈ ਅਧਿਕ ਸੁਖ ਪਾਇਕੈ॥
ਹੋ ਜੋ ਰਾਨੀ ਤਿਹ ਰਮੈ ਰਹੈ ਉਰਝਾਇ ਕੈ॥੧੧੫੯-੬੦/੪॥
ਭੋਗ ਬਹੁਤ ਦਿਨ ਤਾ ਸੰਗ ਕਯੋ॥ ਤਾਕੋ ਬਲ ਸਭ ਹੀ ਹਰਿ ਲਯੋ॥੭/੧੨੮੦॥
ਇਕ ਦਿਨ ਭਾਂਗ ਮਿਤ੍ਰ ਤਿਹ ਲਾਈ॥ ਪੋਸਤ ਸਹਿਤ ਅਫੀਮ ਚੜ੍ਹਾਈ॥
ਬਹੁਤ ਰਤਿ ਕਰੀ ਨ ਬੀਰਜ ਗਿਰਾਈ॥ ਆਠ ਪਹਿਰ ਲਗਿ ਕੁਆਰਿ ਬਜਾਈ॥੧੦/੧੨੮੦॥
ਅੜਿੱਲ॥ ਭਜਹਿ ਬਾਮ ਕੈਫਿਯੈ ਕੇਲ ਜੁਗ ਜਾਮ ਪਚਾਵਹਿ॥
ਹਰਿਣਾ ਜਿਮਿ ਉਛਲਹਿ ਨਾਰਿ ਨਾਗਰਿਨ ਰਿਝਾਵਹਿ॥
ਸੌਫੀ ਚੜਤਹਿ ਕਾਂਪਿ ਧਰਨਿ ਊਪਰਿ ਪਰੈਂ॥
ਹੋ ਬੀਰਜ ਖਲਤ ਹ੍ਵੈ ਜਾਹਿ ਕਹਾਂ ਜੜ੍ਹ ਰਤਿ ਕਰੈਂ॥੨੪/੧੧੬੧॥
ਕਬਹੂੰ ਨ ਖਾਏ ਪਾਨ ਅਮਲ ਕਬਹੂੰ ਨਹਿ ਪੀਯੋ॥
ਕਬਹੂੰ ਨ ਖੇਲ ਅਖੇਟਨ ਸੁਖ ਸੁਰਧਨ ਕਹ ਦੀਯੋ॥
ਕਬਹੂੰ ਨ ਸੌਧਾ ਲਾਇ ਰਾਗ ਮਨ ਭਾਇਯੋ॥
ਹੋ ਕਰਯੋ ਨ ਭਾਮਿਨ ਭੋਗ ਜਗਤ ਕਯੋਂ ਆਇਯੋ॥੨੮/੧੧੬੨॥
ਅੜਿੱਲ॥ ਕਾਮਾਤੁਰ ਹ੍ਵੈ ਜੁ ਤ੍ਰਿਯ ਪੁਰਖ ਪ੍ਰਤਿ ਆਵਈ॥
ਘੋਰ ਨਰਕਮਹਿ ਪਰੈ ਜੁ ਤਾਂਹਿ ਨ ਰਾਵਈ॥
ਜੋ ਪਰ ਤ੍ਰਿਯਪਰ ਸੇਜ ਭਜਤ ਹੈ ਜਾਇ ਕਰਿ॥
ਹੋ ਪਾਪ ਕੁੰਡ ਕੇ ਮਾਹਿ ਪਰਤ ਸੋ ਧਾਇ ਕਰਿ॥੨੦/੧੧੫੮॥
ਕਾਮਾਤੁਰ ਹ੍ਵੈ ਜੋ ਤ੍ਰਿਯਾ ਆਵਤ ਨਰ ਕੇ ਪਾਸ॥
ਮਹਾ ਨਰਕ ਸੋ ਡਾਰਿਯੈ ਦੈ ਜੋ ਜਾਨ ਨਿਰਾਸ॥੧੮/੮੩੯॥
ਕਾਮਾਤੁਰ ਹ੍ਵੈ ਤਰੁਨ ਆਵਤ ਪ੍ਰਿਯ ਕੇ ਪਾਸ॥
ਮਹਾਂ ਨਰਕ ਸੋ ਡਾਰਿਯਤ ਦਗੈ ਜੋ ਜਾਨ ਨਿਰਾਸ॥੨੩/੮੩੧॥
ਪੋਸਤ ਭਾਂਗ ਅਫੀਮ ਮਿਲਾਇ॥ ਆਸਨ ਤਾ ਤਰ ਦਿਯੋ ਬਨਾਇ॥
ਚੁੰਬਨ ਰਾਇ ਅਲਿੰਗਨ ਲਏ॥ ਲਿੰਗ ਦੇਤ ਤਿਹ ਭਗ ਮੋ ਭਏ॥੨੪/੧੩੫੮॥
ਭਗ ਮੋ ਲਿੰਗ ਦਿਯੋ ਰਾਜਾ ਜਬ॥ ਰੁਚਿ ਉਪਜੀ ਤਰਨੀ ਕੇ ਜਿਯ ਤਬ॥
ਲਪਟਿ ਲਪਟਿ ਆਸਨ ਤਰ ਗਈ॥ ਚੁੰਬਨ ਕਰਤ ਭੂਪਨ ਕੇ ਭਈ॥੨੫/੧੩੫੮॥
ਗਹਿ ਗਹਿ ਤਿਹ ਕੋ ਗਰੇ ਲਗਾਵਾ॥ ਆਸਨ ਸੌ ਆਸਨਹਿ ਛੁਹਾਵਾ॥
ਅਧਰਨ ਸੌ ਦੋਊ ਅਧਰ ਲਗਾਈ॥ ਦੁਹੂੰ ਕੁਚਨ ਸੌ ਕੁਚਨ ਮਿਲਾਈ॥੨੬/੧੩੫੮॥

ਗੁਰਬਾਣੀ ਵਿਚਾਰਧਾਰਾ ਅਤੇ ਸਿੱਖ ਰਹਿਤ, ਪਰ ਨਾਰੀ ਦੇ ਨੇੜ ਨਾ ਜਾਵੇ ਦੀ ਹਦਾਇਤ ਦਿੰਦੀ ਹੈ ਅਤੇ ਬਚਿੱਤ੍ਰ ਨਾਟਕ ਦੀ ਹਦਾਇਤ, ਪਰ ਨਾਰੀ ਨਾ ਰਮਣ ਵਾਲੇ ਨੂੰ ਨਰਕ ਵਿੱਚ ਪਾਉਣ ਦਾ ਹੁਕਮ ਦਿੰਦੀ ਹੈ। ਇਹ ਕਿਹੋ ਜਿਹੀ ਕੁ-ਸਿਖਿਆ ਹੈ ? ਜੋ ਖੋਸਾ ਜੀ ਅਤੇ ਇਸਦੇ ਪੈਰੋਕਾਰਾਂ ਨੂੰ, ਗੁਰੂਬਾਣੀ ਦੇ ਸਮਾਨ ਅਤੇ ਸਿੱਖਿਆਦਾਇਕ ਨਜ਼ਰ ਆਉਂਦੀ ਹੈ। ਪੜ੍ਹੋ, ਵੀਚਾਰੋ ਅਤੇ ਸੋਚੋ, ਕੀ ਮੁਕਾਬਲਾ ਹੈ ਇਨ੍ਹਾਂ ਲਿਖਤਾਂ ਦਾ, ਸਤਿਗੁਰੂ ਦੀ ਗਿਆਨਮਈ ਗੁਰੂਬਾਣੀ ਨਾਲ। ਉਹ ਕਿਸ ਮਿੱਟੀ ਦੇ ਬਣੇ ਹੋਏ ਅਖੌਤੀ ਸਿੱਖ ਹੋਣਗੇ ਜਿਨ੍ਹਾਂ ਦੇ ਜ਼ਿਹਨ ਵਿੱਚ, ਇਨ੍ਹਾਂ ਵਿਭਚਾਰੀ ਚਰਿੱਤ੍ਰਾਂ ਦੀ ਤੁਲਨਾ ਗੁਰੂਬਾਣੀ ਨਾਲ ਕਰਨ ਦੀ ਵਿਚਾਰ ਪੈਦਾ ਹੋਈ ਹੋਵੇਗੀ। ਜੇ ਅਜਿਹੀ ਸੋਚ ਰੱਖਣ ਵਾਲੇ ਗੁਰੂ ਪੰਥੀਏ, ਆਪਣੇ ਆਪਨ ਨੂੰ ਸਹੀ ਸਿੱਖ ਸਮਝਦੇ ਹਨ ਫਿਰ ਸਿੱਖ ਧਰਮ ਜਾਂ ਕੌਮ ਨੂੰ ਬਿੱਪ੍ਰਵਾਦ ਦੀ ਝੋਲੀ ਵਿੱਚ ਪਾਉਣ ਲਈ ਕਿਸੇ ਹੋਰ ਦੁਸ਼ਮਣ ਦੀ ਲੋੜ ਹੀ ਨਹੀਂ ਹੈ।

ਇਹ ਲਿਖਤਾਂ ਪੜ੍ਹ ਕੇ ਮਨ ਵਿੱਚ ਉੱਠੇ ਵਿਚਾਰ, ਕਾਵਿ ਰੂਪ ਹੋ ਇਸ ਲਿਖਤ ਦਾ ਭਾਗ ਬਣ ਗਏ। ਪੜ੍ਹੋ ਤੇ ਵੀਚਾਰੋ :

ਸਿੱਖਿਆਵਾਂ ਦਸਮ ਗ੍ਰੰਥ ਦੀਆਂ...

ਗੁਰੂਬਾਣੀ ਦੇ ਮੂਲ ਉਪਦੇਸ਼ ਦਾ ਭੀ,
ਸਿੱਖ ਨੂੰ ਚੇਤਾ ਭੁਲਾਉਂਦਾ ਏ, ਗ੍ਰੰਥ ਦਸਵਾਂ।
ਇੱਕ ਬਾਰੇ, ਮਜਬੂਰੀਂ ਸੰਕੇਤ ਦਿੰਦਾ,
ਅਵਤਾਰ ਅਨਿਕ ਦਿਖਾਉਂਦਾ ਏ, ਗ੍ਰੰਥ ਦਸਵਾਂ।
ਸ਼ਬਦ ਗੁਰੂ ਨੇ ਰਾਹ ਜੋ ਛੱਡ ਦਿੱਤਾ,
ਬਿੱਪਰ ਲਿਖਤਾਂ ਲੜ ਲਾਉਂਦਾ ਏ, ਗ੍ਰੰਥ ਦਸਵਾਂ।
ਖਾਲਸ ਪੰਥ ਅੰਦਰ ਦਾਖ਼ਲ ਹੋਣ ਵੇਲੇ,
ਆਪਣੀ ਈਨ ਮਨਵਾਉਂਦਾ ਏ, ਗ੍ਰੰਥ ਦਸਵਾਂ।
ਜਿਸਨੂੰ ਗੁਰੂ ਆਖੋ ਪੜ੍ਹੋ ਦੋ ਬਾਣੀ,
ਬਾਹਰੀ ਤਿੰਨ ਪੜ੍ਹਵਾਉਂਦਾ ਏ, 'ਗ੍ਰੰਥ ਦਸਵਾਂ।
ਸਿੱਖ ਦਾ ਗੁਰੂ ਸਚਿਆਰਤਾ ਸਬਕ ਦੇਵੇ,
ਝੂਠ ਫ਼ਰੇਬ ਸਿਖਾਉਂਦਾ ਏ ਗ੍ਰੰਥ ਦਸਵਾਂ।
ਜੀਵਨ ਜੁਗਤਿ ਗੁਰੂਬਾਣੀ ਦੀ ਭੁੱਲ ਜਾਵੇ,
ਖੇਡ ਐਸੀ ਖਿਡਾਉਂਦਾ ਏ, ਗ੍ਰੰਥ ਦਸਵਾਂ।
ਜਾਣ ਬੁੱਝ ਰਾਹ ਬਿੱਪ੍ਰੀ ਢੂੰਡਦੇ ਜੋ,
ਨਕਸ਼ੇ ਪੂਰੇ ਸਮਝਾਉਂਦਾ ਏ, ਗ੍ਰੰਥ ਦਸਵਾਂ।
ਬਿੱਪ੍ਰਵਾਦ ਦਾ ਕੋਰਸ ਜੋ ਚਾਹੁਣ ਕਰਨਾ,
ਅਗਿਆਨੀ ਡਿਗਰੀ ਦਿਵਾਉਂਦਾ ਏ ਗ੍ਰੰਥ ਦਸਵਾਂ।
ਝੂਠ ਬੋਲਣ ਸਿਖਾਉਣ ਵਿੱਚ ਮਾਹਰ ਪੂਰਾ,
ਗੱਪਾਂ ਗੱਫੀਂ ਵਰਤਾਉਂਦਾ ਏ, ਗ੍ਰੰਥ ਦਸਵਾਂ।
ਦੇਵ ਦੈਂਤਾਂ ਦੇ ਉੱਤੇ ਜੋ ਰਹੀ ਭਾਰੂ,
ਸੋਹਲੇ ਦੇਵੀ ਦੇ ਗਾਉਂਦਾ ਏ, ਗ੍ਰੰਥ ਦਸਵਾਂ।
ਮਹਾਂਕਾਲ ਭਗਉਤੀ ਜਾਂ ਕਾਲਕਾ ਨੂੰ,
ਸਿੱਖਾਂ ਕੋਲੋਂ ਸਿਮਰਾਉਂਦਾ ਏ ਗ੍ਰੰਥ ਦਸਵਾਂ।

ਸ਼ਰਾਬ ਫ਼ੀਮ ਡੋਡੇ, ਭੰਗ ਖ਼ੂਬ ਪੀਓ,
ਐਸਾ ਪਾਠ ਪੜ੍ਹਾਉਂਦਾ ਏ, ਗ੍ਰੰਥ ਦਸਵਾਂ।
ਨਸ਼ਿਆਂ ਵਿਸ਼ਿਆਂ ਦੀ ਦੇ ਕੇ ਜਾਣਕਾਰੀ,
ਫ਼ਰਜ਼ ਪੂਰਾ ਨਿਭਾਉਂਦਾ ਏ, ਗ੍ਰੰਥ ਦਸਵਾਂ।
ਬਕਦੀ ਕਿਵੇਂ ਅਸ਼ਲੀਲਤਾ ਸ਼ਰਮ ਲਾਹ ਕੇ,
ਲੋਈ ਲਾਜ਼ ਦੀ ਲਾਹੁੰਦਾ ਏ ਗ੍ਰੰਥ ਦਸਵਾਂ।
ਅਲੋਰਾ ਅਜੰਤਾ ਭੀ ਏਨਾਂ ਸਮਝਾਉਂਦੀਆਂ ਨਹੀਂ,
ਜਿੰਨੇ ਆਸਣ ਸਿਖਾਉਂਦਾ ਏ, ਗ੍ਰੰਥ ਦਸਵਾਂ।
ਔਰਤ ਮਰਦ ਦੀ ਨਾਹੀਂ ਪਛਾਣ ਹੋਵੇ,
ਸਿਰ ਮੂੰਹ ਝਾਂਟ ਮੁਨਵਾਉਂਦਾ ਏ, ਗ੍ਰੰਥ ਦਸਵਾਂ।
ਔਰਤ ਰੀਝ ਲੈ ਆਈ ਜੋ ਮੋੜ ਦੇਵੇ,
ਉਸਨੂੰ ਨਰਕੀਂ ਪੁਚਾਉਂਦਾ ਏ, ਗ੍ਰੰਥ ਦਸਵਾਂ।
ਦਿਨ ਰਾਤ ਜੋ ਵੀਰਜ ਨਾ ਗਿਰਨ ਦਿੰਦੇ,
ਐਸੇ ਨਸ਼ੇ ਮਿਲਾਉਂਦਾ ਏ, ਗ੍ਰੰਥ ਦਸਵਾਂ।
ਧਰਮ ਸ਼ਰਮ ਤੇ ਕਰਮ ਨੂੰ ਮਾਤ ਪਾਵੇ,
ਸ੍ਰੀ ਗੁਰੂ ਅਖਾਉਂਦਾ ਏ ਗ੍ਰੰਥ ਦਸਵਾਂ।
ਪਉੜੀ ਢੀਠ ਬੇਸ਼ਰਮੀ ਨਿਰਲੱਜਤਾ ਦੀ,
ਉੱਤੇ ਸਿੱਖਰੀਂ ਚੜ੍ਹਾਉਂਦਾ ਏ, ਗ੍ਰੰਥ ਦਸਵਾਂ।
ਗਿਆਨ ਗੁਰੂ ਤਾਂ ਸੱਚ ਦੇ ਰਾਹ ਪਾਵੇ,
ਰਾਹ ਵਿਕਾਰਾਂ ਦੇ ਪਾਉਂਦਾ ਏ, ਗ੍ਰੰਥ ਦਸਵਾਂ।
ਗੁਰਮਤਿ ਨੀਤੀ ਆਚਾਰ ਸਚਿਆਰ ਦੀਆਂ,
ਮੂਲ ਜੜ੍ਹਾਂ ਕਟਵਾਉਂਦਾ ਏ, ਗ੍ਰੰਥ ਦਸਵਾਂ।
ਗੁਰਮੁਖਿ ਸਜਣੁ ਗੁਣਕਾਰੀਆ ਕਹੇ ਬਾਣੀ,
ਸਜਣੋਂ ਪਸ਼ੂ ਬਣਾਉਂਦਾ ਏ, ਗ੍ਰੰਥ ਦਸਵਾਂ।
ਗੁਰਬਾਣੀ ਵਿੱਚ ਦੱਸੋ ਕੀ ਘਾਟ ਸਿੱਖੋ,
ਅਜੀਬ ਨਾਟਕਾਂ ਨੂੰ ਜੱਫੀਆਂ ਪਾਈ ਜਾਂਦੇ।
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ਭੀ ਪੜ੍ਹੀ ਜਾਂਦੇ,
ਤੇ ਸੱਚ ਵਿੱਚ ਕੱਚ ਭੀ 'ਕਿਸ਼ਨ' ਰਲਾਈ ਜਾਂਦੇ।

ਲਿਖਣਾ ਚਾਹੁੰਦੇ ਹੋਏ ਭੀ ਉੱਪਰ ਦਿੱਤੀਆਂ ਦਸਮ ਗ੍ਰੰਥ ਵਿੱਚ ਦਰਜ, ਚਰਿਤ੍ਰੋ ਪਖਯਾਨੀ ਪੰਗਤੀਆਂ ਦੇ ਅਰਥ ਲਿਖਣ ਦਾ ਹੌਂਸਲਾ ਨਹੀਂ ਬਣ ਸਕਿਆ। ਜੋ ਅਖੌਤੀ ਵਿਦਵਾਨ (ਮਸਕੀਨ, ਪੰਨੂੰ, ਜੋਧ ਸਿੰਘ, ਖੋਸਾ ਜੀ ਵਰਗੇ ਜਾਂ ਇਨ੍ਹਾਂ ਦੇ ਪੈਰੋਕਾਰ) ਇਹੋ ਜਿਹੀਆਂ ਲਿਖਤਾਂ ਨੂੰ ਦਸਮੇਸ਼ ਕ੍ਰਿਤ ਅਤੇ ਗਿਆਨ ਦੇ ਵਾਧੇ ਵਾਲੀਆਂ ਮੰਨਦੇ ਹਨ, ਉਹ ਆਪਣੇ ਪਰਵਾਰਾਂ ਦੇ ਗਿਆਨ ਵਿੱਚ ਵਾਧਾ ਕਰਨ ਲਈ, ਇਨ੍ਹਾਂ ਲਿਖਤਾਂ ਦੀ ਅਰਥ ਵਿਆਖਿਆ ਅਤੇ ਅਮਲ ਆਪਣੇ ਪਰਵਾਰਾਂ ਵਿੱਚ ਤਾਂ ਜ਼ਰੂਰ ਹੀ ਕਰਦੇ ਹੋਣਗੇ ? ਉਨ੍ਹਾਂ ਨੂੰ ਇਹ ਲਿਖਤਾਂ ਤੇ ਅਮਲ ਮੁਬਾਰਕ ਪਰ ਸਿੱਖ ਕੌਮ ਦੇ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਨੇ ਪੰਡਤ ਅਤੇ ਮੁੱਲਾਂ ਦੀ ਲਿਖਤ ਜਾਂ ਵਿਚਾਰਧਾਰਾ ਨੂੰ ਉੱਕਾ ਹੀ ਰੱਦ ਕੀਤਾ ਹੋਇਆ ਹੈ। ਜੋ ਕੋਈ ਵੇਰਵਾ ਆਉਂਦਾ ਵੀ ਹੈ ਉਹ ਉਦਾਹਰਣ ਲਈ ਵਰਤਿਆ ਗਿਆ

ਆਉਂਦਾ ਹੈ, ਸਿੱਖ ਨੂੰ ਸਿੱਖਿਆ ਦੇਣ ਲਈ ਨਹੀਂ। ਗੁਰ ਨਾਨਕ ਜੋਤਿ ਦਸਮ ਪਾਤਿਸ਼ਾਹ ਨੇ ਸਿੱਖ ਕੌਮ ਨੂੰ ਪੂਰੇ ਗੁਰੂ ਦੀ ਪੂਰੀ ਬਾਣੀ ਦੇ ਲੜ ਲਾਇਆ ਸੀ, ਫਿਰ ਪੂਰੇ ਗੁਰੂ ਦੀ ਪੂਰੀ ਬਾਣੀ ਦੇ ਉੱਤੇ, ਨਿਗੁਰੀਆਂ ਤੇ ਨਿਖਸਮੀਆਂ, ਉਹ ਤਿੰਨ ਰਚਨਾਵਾਂ ਹਾਵੀ ਕਿਉਂ ਹੋ ਗਈਆਂ ਜੋ ਪੂਰੇ ਗੁਰੂ ਦੀਆਂ ਹੈ ਹੀ ਨਹੀਂ ? ਕੌਣ ਸਨ ਉਹ ਲੋਕ, ਜਿਨ੍ਹਾਂ ਨੇ, ਪੂਰੇ ਗੁਰੂ ਦੀ ਪੂਰੀ ਬਾਣੀ ਦੇ ਉੱਤੇ, ਨਿਗੁਰੀਆਂ ਰਚਨਾਵਾਂ ਨੂੰ ਹਾਵੀ ਕੀਤਾ ਅਤੇ ਕੌਣ ਹਨ ਇਹ ਲੋਕ ਜੋ ਨਿਗੁਰੀਆਂ ਰਚਨਾਵਾਂ ਦਾ ਪੱਖ ਪੂਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ ਅਤੇ ਪੂਰੇ ਗੁਰੂ ਦੀ ਗੱਲ ਕਰਨ ਵਾਲਿਆਂ ਲਈ ਅਰਲ ਬਰਲ ਬੋਲਾਂ ਦੀ ਝੱਗ ਮੂੰਹ ਵਿੱਚੋਂ ਸੁੱਟਦੇ ਹਨ ?

ਹੁਣ ਥੋੜੇ ਸੰਖੇਪ ਜਿਹੇ ਵਿੱਚ, ਪਾਠਕਾਂ ਦਾ ਧਿਆਨ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਸਮੇਂ ਸਾਰਨੀ ਵੱਲ ਦਿਵਾਉਣਾ ਚਾਹੁੰਦਾ ਹਾਂ। ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ, ਮਾਤਾ ਗੁਜਰੀ ਜੀ ਦਾ ਜਨਮ, ਦੁਆਬੇ ਦੇ ਪਿੰਡ ਕਰਤਾਰ ਪੁਰ (ਪੰਜਾਬ) ਦਾ ਹੈ, ਜਿੱਥੋਂ ਦੀ ਇਲਾਕਾਈ ਤੇ ਮਾਂ ਬੋਲੀ, ਪੰਜਾਬੀ ਸੀ ਅਤੇ ਹੈ। ਪਿਤਾ, ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਅੰਮ੍ਰਿਤਸਰ (ਪੰਜਾਬ) ਅਤੇ ਬੋਲੀ ਪੰਜਾਬੀ। ਕੋਈ ਭੀ ਬੱਚਾ, ਜਨਮ ਲੈਣ ਤੋਂ ਬਾਅਦ, ਤਕਰੀਬਨ ਤਿੰਨ ਕੁ ਸਾਲ, ਸਿਰਫ਼ ਆਪਣੀ ਮਾਤਾ (ਮਾਂ) ਵਾਲੀ ਬੋਲੀ ਹੀ ਸਿੱਖਦਾ ਅਤੇ ਬੋਲਣੀ ਸ਼ੁਰੂ ਕਰਦਾ ਹੈ। ਗੁਰੂ ਗੋਬਿੰਦ ਰਾਏ ਜੀ ਦਾ ਜਨਮ, ਪਟਣਾ (ਬਿਹਾਰ) ਵਿੱਚ ਹੋਇਆ ਅਤੇ ਇੱਥੇ, ਚਾਰ ਸਾਲ ਤਿੰਨ ਕੁ ਮਹੀਨੇ ਰਹੇ। ਇਸ ਛੋਟੀ ਉਮਰੇ, ਜਦ ਕਿ ਮਾਤਾ ਜੀ ਪਾਸੋਂ ਗੁਰਮੁਖੀ ਬੋਲੀ ਸੁਣਦੇ ਤੇ ਸਿੱਖਦੇ ਹੋਣਗੇ, ਬਿਹਾਰੀ ਸਮਾਜ ਦਾ, ਕਿੰਨਾ ਕੁ ਪਰਭਾਵ ਕਬੂਲਿਆ ਹੋਵੇਗਾ ? ਫਿਰ ਪੰਜਾਬ ਦੇ, ਅਨੰਦ ਪੁਰ ਵਿੱਚ ੨੯ ਸਾਲ ਅਤੇ ਪੰਜਾਬੀ ਸਿੱਖਾਂ ਵਿੱਚ (ਜੋ ਗੁਰੂ ਨਾਨਕ ਜੀ ਦੇ ਸਮੇਂ ਤੋਂ ਗੁਰਬਾਣੀ ਪੜ੍ਹਦੇ ਤੇ ਗਾਉਂਦੇ ਸਨ) ਤਕਰੀਬਨ ੩੮ ਕੁ ਸਾਲ ਵਿਚਰਦੇ ਰਹੇ। ਬੜੀ ਹੈਰਾਨੀ ਦੀ ਗੱਲ ਹੈ ਕਿ, ਗੁਰਬਾਣੀ ਗ੍ਰੰਥ ਪੜ੍ਹਦੇ, ਵਿਚਾਰਦੇ ਅਤੇ ਪੰਜਾਬੀ ਸਿੱਖਾਂ ਵਿੱਚ ਵਿਚਰਦੇ ਰਹਿਣ ਦੇ ਬਾਵਜੂਦ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜੋੜੀਆਂ ਜਾਂਦੀਆਂ ਰਚਨਾਵਾਂ ਵਿੱਚ, ਗੁਰਮੁਖੀ ਬੋਲੀ ਦਾ, ਕਿਤੇ ਰਤਾ ਭੀ ਪਿਆ ਹੋਇਆ ਪਰਭਾਵ, ਮਹਿਸੂਸ ਹੀ ਨਹੀਂ ਹੁੰਦਾ ਅਤੇ ਸਮੂਹ ਰਚਨਾਵਾਂ ਹੋਰ ਬੋਲੀ ਵਿੱਚ ਅਤੇ ਪੌਰਾਣਿਕ (ਭਗਵਤ ਪੁਰਾਣ, ਸ਼ਿਵ ਪੁਰਾਣ ਅਤੇ ਮਾਰਕੰਡੇ ਪੁਰਾਣ) ਵਿਚਾਰਧਾਰਾ ਵਾਲੀਆਂ ਹੀ ਹਨ, ਐਸਾ ਕਿਉਂ ? ਇੱਥੋਂ ਤੱਕ ਕਿ, ਗੁਰੂ ਨਾਨਕ ਵਾਲੀ ਜੋਤਿ, ਗੁਰਤਾ ਦੇ ਵਾਰਸ ਹੁੰਦਿਆਂ ਹੋਇਆਂ ਵੀ, ਆਪਣੀ ਕਹੀ ਜਾਂਦੀ ਕਿਸੇ ਭੀ ਰਚਨਾ ਦੀ ਸ਼ੁਰੂਆਤ, ਸਿੱਖ ਧਰਮ ਅਤੇ ਕੌਮ ਦੇ ਇਸ਼ਟ, ਗੁਰੂ ਗ੍ਰੰਥ ਸਾਹਿਬ ਜੀ ਵਾਲੇ ਸੰਪੂਰਨ ਮੂਲ ਉਪਦੇਸ਼ (ਮੰਗਲਾ ਚਰਨ, ਮੂਲ ਮੰਤਰ) ਨਾਲ ਨਹੀਂ ਕੀਤੀ, ਐਸਾ ਕਿਉਂ ? ਨਾਨਕ ਨਿਰੰਕਾਰੀ ਦੀਆਂ ਨੌਂ ਜੋਤਾਂ (੯ ਸਰੀਰਕ ਜਾਮਿਆਂ) ਪਿੱਛੋਂ, ਦਸਵੀਂ ਜੋਤ ਨੂੰ, ਪਹਿਲੇ ਨੌਂ ਸਤਿਗੁਰਾਂ ਦੀ ਸ਼ਬਦ ਗੁਰੂ ਵਾਲੀ ਵਿਚਾਰਧਾਰਾ (**ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥**) ਨੂੰ ਅੱਖੋਂ ਪਰੋਖੇ ਕਰਦਿਆਂ, ਆਪਣੇ ਪਿਛਲੇ ਜਨਮ ਦੀ ਬਚਿੱਤ੍ਰ ਨਾਟਕੀ ਕਥਾ ਬਿਆਨਣ, ਚੰਡੀ ਚਰਿੱਤ੍ਰ, ਚੰਡੀ ਦੀ ਵਾਰ ਲਿਖਣ, ਅਖੌਤੀ ਭਗਉਤੀ ਦੀ ਸਹਾਇਤਾ ਮੰਗਣ, ਕਾਲ ਉਸਤਤਿ ਜਿਹੀਆਂ ਮਹਾਂ ਝੂਠੀਆਂ, ਚਉਬੀਸ ਅਵਤਾਰਾਂ ਦੀਆਂ ਗਾਥਾਵਾਂ, ਚਰਿਤ੍ਰੋ ਪਖਯਾਨ ਭਗਉਤੀ ਜੀ ਕਾ ਲਿਖਣ ਜਾਂ ਵਰਨਣ ਕਰਨ ਦੀ ਲੋੜ ਕਿਉਂ ਪਈ ? ਜਦ ਭੀ ਕੋਈ ਕੌਮ

ਹਮਦਰਦੀ, ਇਹ ਸਵਾਲ ਕਰੇ ਕਿ, ਕੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ, ਸਿੱਖ ਕੌਮ ਨੂੰ, ਗੁਰੂ ਗ੍ਰੰਥ ਸਾਹਿਬ ਜੀ ਤੋਂ ਵੱਖਰੀ ਹੋਰ ਕੋਈ ਲਿਖਤ ਜਾਂ ਗ੍ਰੰਥ ਦਿੱਤਾ ? ਇਸ ਸਵਾਲ ਦਾ ਉੱਤਰ ਹਮੇਸ਼ਾ ਨਾਂਹ ਵਿੱਚ ਹੀ ਮਿਲਦਾ ਹੈ। ਫਿਰ ਭੀ ਆਪੂੰ ਹੋਂਦ ਵਿੱਚ ਆਈਆਂ ਸੰਪ੍ਰਦਾਵਾਂ, ਅਖੌਤੀ ਟਕਸਾਲਾਂ (ਡੇਰਾਵਾਦੀ ਸੋਚ) ਇਸ ਅਖੌਤੀ ਦਸਮ ਗ੍ਰੰਥ ਨੂੰ ਮੱਲੋ-ਜ਼ੋਰੀਂ, ਸਿੱਖ ਕੌਮ ਉੱਤੇ ਥੋਪੀ ਜਾ ਰਹੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ, ਪ੍ਰਕਾਸ਼ ਭੀ ਕਰਦੀਆਂ ਹਨ। ਕੌਮ ਦੇ ਵਿਵਾਦੀ ਹਾਲਾਤ ਨੂੰ ਵਿਚਾਰਦਿਆਂ, ਬੜਾ ਦੁੱਖ ਹੁੰਦਾ ਹੈ ਕਿ, ਨਿਰੰਕਾਰ ਦੀ ਸਿਫ਼ਤਿ-ਸਾਲਾਹ, ਸ਼ਬਦ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਾਸ਼ਕਾਂ ਨੂੰ, ਕਿਸੇ ਸ਼ਾਤਰ ਤੇ ਮੱਕਾਰੀ ਸੋਚ ਤਹਿਤ **(ਜਨਮ ਸਾਖੀ ਭਾਈ ਬਾਲੇ ਵਾਲੀ, ਗੁਰ ਬਿਲਾਸ ਪਾਤਿਸ਼ਾਹੀ ਛੇਵੀਂ, ਬਚਿੱਤ੍ਰ ਨੌਟੰਕੀ ਅਖੌਤੀ ਦਸਮ ਗ੍ਰੰਥ ਤੇ ਸਰਬ ਲੋਹ ਗ੍ਰੰਥ ਆਦਿ)** ਜਿਹੀਆਂ ਰਚਨਾਵਾਂ ਨਾਲ ਜੋੜਿਆ ਅਤੇ ਮੂਰਖ ਬਣਾਇਆ ਜਾ ਰਿਹਾ ਹੈ ਅਤੇ ਸਿੱਖ ਕੌਮ ਮੂਰਖ ਬਣਨ ਵਿੱਚ ਹੀ, ਫ਼ਖ਼ਰ ਮਹਿਸੂਸ ਕਰੀ ਜਾ ਰਹੀ ਹੈ। ਸਿੱਖ ਕੌਮ ਦੀ ਆਪਣੇ ਗੁਰੂ ਦੇ ਵਰਜੇ (ਪੰਡਤ, ਮੁੱਲਾਂ ਦੀ ਕਰਮਕਾਂਡੀ ਵਿਚਾਰਧਾਰਾ ਦੇ ਛੱਡੇ) ਹੋਏ ਰਾਹ ਪੈਣ (ਦਸਮ ਗ੍ਰੰਥ ਦੀ ਨਸ਼ਈ ਤੇ ਵਿਸ਼ਈ ਲਿਖਤ ਅਪਨਾਉਣ) ਵਾਲੀ ਰੁਚੀ ਨੇ ਹੀ ਹੋਰਾਂ ਦੀ ਉਂਗਲ ਸਿੱਖਾਂ ਵੱਲ ਉਠਾਉਣ (ਕਟਾਕਸ਼ ਕੱਸਣ, ਮਖ਼ੌਲੀ ਚੁਟਕਲੇ ਬਨਾਉਣ) ਅਤੇ ਮੂਰਖਤਾਈ ਜਿਹੇ ਤਾਹਨੇ ਮਿਹਣੇ ਮਾਰਨ ਵਾਲਾ ਰਾਹ ਖੋਲ੍ਹਿਆ ਹੈ। ਇਹੀ ਵਜਾਹ ਹੈ ਕਿ ਭਾਰਤ ਦੇਸ਼ ਦੀ ਸਨਾਤਨੀ ਸੋਚ, ਸਿੱਖਾਂ ਨੂੰ ਮੂਰਖ ਸਮਝਦੀ ਅਤੇ ਮੂਰਖ ਬਣਾ ਕੇ ਹੀ ਪੇਸ਼ ਕਰਦੀ ਹੈ। ਜੇ ਸਿੱਖ ਕੌਮ, ਸਿਰਫ਼ ਆਪਣੇ ਸ਼ਬਦ ਗੁਰੂ ਨੂੰ ਹੀ ਸਮਰਪਿਤ ਹੁੰਦੀ, ਆਪਣੇ ਗੁਰੂ ਦੇ ਉਪਦੇਸ਼ ਜਿਹਾ ਹੀ ਕਿਰਦਾਰ ਅਪਨਾਉਂਦੀ ਤਾਂ ਕਿਸੇ ਦੀ ਕੀ ਮਜਾਲ ਸੀ ਕਿ ਸਿੱਖ ਨੂੰ ਕੋਈ ਮੂਰਖ ਬਣਾ ਸਕਦਾ। ਸਿੱਖ ਕੌਮ ਦੀ ਬਹੁ-ਗਿਣਤੀ ਨੇ, ਆਪਣੇ ਗੁਰੂ ਵਲੋਂ ਬੇਮੁੱਖ ਹੋ ਕੇ, ਆਪ ਹੀ ਕੰਡਿਆਲਾ ਰਾਹ ਅਪਨਾਇਆ ਹੈ। ਹੁਣ ਕੰਡਿਆਂ ਦੀ ਚੋਭ ਦਾ ਦਰਦ ਤਾਂ ਸਹਿਣਾ ਹੀ ਪਵੇਗਾ। ਲੋੜ ਹੈ ਸਿੱਖ ਕੌਮ ਨੂੰ ਜਾਗਰੂਕ ਹੋ ਕੇ, **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥** ਦੇ ਗੁਰ ਉਪਦੇਸ਼ ਅਨੁਸਾਰ, ਗੁਰੂਬਾਣੀ ਨੂੰ ਪੜ੍ਹਨ, ਸਮਝਣ ਅਤੇ ਵਿਚਾਰਨ ਦੀ। ਝੂਠੀਆਂ ਲਿਖਤਾਂ ਦੀਆਂ ਝੂਠੀਆਂ ਗਾਥਾਵਾਂ ਸੁਣਾਉਣ ਵਾਲਿਆਂ ਤੋਂ ਸੁਚੇਤ ਹੋ ਕੇ ਉਨ੍ਹਾਂ ਨੂੰ ਮੂੰਹ ਨਾ ਲਾਉਣ ਦੀ। ਗੁਰੂ ਮਿਹਰ ਕਰੇ ਸਿੱਖ ਕੌਮ, ਸ਼ਬਦ ਗੁਰੂ ਦੇ ਸਿਧਾਂਤ ਨੂੰ ਸਮਝ ਸਕੇ ਅਤੇ ਪੌਰਾਣਿਕ ਗਾਥਾਵਾਂ ਸੁਣਾਉਣ ਵਾਲਿਆਂ ਨਾਲ, ਗੁਰੂਬਾਣੀ ਦੇ ਪ੍ਰਮਾਣਾਂ ਤਹਿਤ, ਸੰਬਾਦ ਰਚਾ ਸਕਣ ਦੇ ਸਮਰੱਥ ਹੋਵੇ। ਸੱਚ ਅਤੇ ਗਿਆਨ ਦੇ ਪ੍ਰਕਾਸ਼ ਹੋਣ ਨਾਲ, ਅਗਿਆਨਮਈ ਝੂਠ ਦੀ ਧੁੰਦ, ਬਿੱਖਰ ਕੇ ਹੀ ਰਹੇਗੀ।

ਅਨੰਦ ਪੁਰ ਵਿੱਚ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਪ੍ਰਭੂ-ਮਿਲਾਪ ਦੀ ਰੰਗਤ ਵਿੱਚ ਪਰਪੱਕ ਕਰ ਰਹੇ ਸਨ, ਉੱਥੇ ਨਾਲ ਹੀ ਜਿਸਮਾਨੀ ਤਾਕਤ ਅਤੇ ਯੁੱਧ ਯੋਜਨਾ (ਰਣ ਨੀਤੀ ਤੇ ਸ਼ਸਤਰ ਵਿੱਦਿਆ) ਵਿੱਚ ਭੀ ਨਿਪੁੰਨਤਾ ਦੀ ਸਿਖਲਾਈ ਦਿੱਤੀ ਜਾਂਦੀ ਸੀ। ਇੱਥੇ ਹੀ ਮਾਹੌਲ ਨੂੰ ਕੁਝ ਖ਼ੁਸ਼ਗਵਾਰ ਬਨਾਉਣ ਲਈ, ਭਾਈ ਨੰਦ ਲਾਲ ਜੀ ਅਤੇ ਕਈ ਹੋਰ ਕਵੀ (ਲਿਖਤਾਂ ਅਨੁਸਾਰ ੫੨ ਕੁ ਕਵਿਤਾ ਲਿਖਣ ਵਾਲੇ) ਲੇਖਕ ਭੀ ਰੱਖੇ ਹੋਏ ਸਨ ਅਤੇ ਕਵੀ ਦਰਬਾਰ ਲਗਾ ਕੇ, ਕਾਵਿ ਮੁਕਾਬਲੇ ਕਰਵਾਏ ਅਤੇ ਇਨਾਮ ਦਿੱਤੇ ਜਾਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਆਪ ਵੀ ਉੱਚ ਕੋਟੀ ਦੇ ਕਵੀ ਸਨ ਅਤੇ ਕਵੀ ਦਰਬਾਰ ਵਿੱਚ ਸਿੱਖੀ ਵਿਚਾਰਧਾਰਾ ਬਾਰੇ ਪ੍ਰਮਾਣ ਪੇਸ਼ ਕਰਿਆ ਕਰਦੇ ਸਨ। ਕਹਿੰਦੇ ਹਨ ਉਨ੍ਹਾਂ

ਰਚਨਾਵਾਂ ਦਾ ਇੱਕ ਵੱਡਾ ਗ੍ਰੰਥ (ਜਿਸ ਨੂੰ ਵਿੱਦਿਆ ਸਾਗਰ ਦਾ ਨਾਮ ਦਿੱਤਾ) ਬਣ ਗਿਆ ਸੀ। ਅਨੰਦਪੁਰ ਛੱਡਣ ਵੇਲੇ ਇਸ ਗ੍ਰੰਥ ਨੂੰ ਨਾ ਸੰਭਾਲਣ ਯੋਗ ਸਮਝ ਕੇ ਸਰਸਾ ਨਦੀ ਵਿੱਚ ਜਲ ਪਰਵਾਹ ਕਰ ਦਿੱਤਾ ਗਿਆ ਸੀ। ਜੇਕਰ ਗੁਰੂ ਜੀ ਨੇ ਉਸ ਗ੍ਰੰਥ ਨੂੰ ਬਚਾਉਣਾ ਹੁੰਦਾ ਤਾਂ ਜ਼ਰੂਰ ਬਚਾਇਆ ਜਾ ਸਕਦਾ ਸੀ ਪਰ ਗੁਰੂ ਜੀ ਨੇ ਇਹ ਸੋਚਦਿਆਂ ਕਿ ਕੌਮ ਵਿੱਚ ਕੋਈ ਦੁਬਿਧਾ ਨਾ ਖੜ੍ਹੀ ਹੋ ਜਾਵੇ, ਉਨ੍ਹਾਂ ਕਾਵਿ ਰਚਨਾਵਾਂ (ਜੋ ਗੁਰੂਬਾਣੀ ਨਹੀਂ ਸਨ) ਦੀ ਸੰਭਾਲ ਨਹੀਂ ਸੀ ਕੀਤੀ। ਦਮਦਮਾ ਵਿਖੇ, ਗੁਰੂ ਗ੍ਰੰਥ ਸਾਹਿਬ ਜੀ ਦਾ ਉਤਾਰਾ ਕਰਵਾਉਣ ਸਮੇਂ ਭੀ ਆਪਣੀ ਕੋਈ ਲਿਖਤ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਨਹੀਂ ਕੀਤੀ। ਸੰਨ ੧੭੦੮ ਨੂੰ ਨੰਦੇੜ ਵਿਖੇ, ਸਿੱਖ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਆਪਣੀ ਕੋਈ ਰਚਨਾ ਸਿੱਖ ਕੌਮ ਨੂੰ ਨਹੀਂ ਦਿੱਤੀ। ਫਿਰ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਹੁਤ (ਤਕਰੀਬਨ ੭੫ ਤੋਂ ੮੦ ਕੁ) ਸਾਲ ਬਾਅਦ, ਭਾਈ ਮਨੀ ਸਿੰਘ ਜੋ ੧੭੩੪ ਵਿੱਚ ਸ਼ਹੀਦ ਕੀਤੇ ਜਾ ਚੁੱਕੇ ਸਨ, ਦੇ ਨਾਮ ਹੇਠ ਕਈ ਰਚਨਾਵਾਂ ਬਚਿੱਤ੍ਰ ਨਾਟਕ, ਚੰਡੀ ਚਰਿੱਤ੍ਰ ਉਕਤਿ ਬਿਲਾਸ, ਚਉਬੀਸ ਅਉਤਾਰ ਤੇ ਚਰਿੱਤ੍ਰੋ ਪਖਯਾਨ ਆਦਿ ਦੀਆਂ ਵੱਖ-ਵੱਖ ਪੋਥੀਆਂ (ਜੋ ਪਟਣੇ ਵਿੱਚ ਜਾਂ ਹੋਰ ਥਾਵੀਂ, ਸੰਪ੍ਰਦਾਈ ਭੇਖੀਆਂ ਵਲੋਂ ਲਿਖੀਆਂ ਗਈਆਂ ਸਨ) ਨੂੰ, ਕਿਸੇ ਸ਼ਾਤਰ ਸੋਚ ਨੇ ਇੱਕ ਜਿਲਦ ਵਿੱਚ ਕਰ ਦਿੱਤਾ। ਉਸ ਸਮੇਂ ਤੋਂ ਹੀ ਇਹ ਬਚਿੱਤ੍ਰ ਨਾਟਕੀ (ਗੁਰੂਬਾਣੀ ਵਾਲੇ ਪੂਰੇ ਮੂਲ ਉਪਦੇਸ਼ ਪੱਖੋਂ, ਗੁਰੂਬਾਣੀ ਵਿਚਾਰਧਾਰਾ ਪੱਖੋਂ ਅਤੇ ਗੁਰੂਬਾਣੀ ਵਾਲੀ ਸ਼ਬਦਾਵਲੀ ਤੇ ਬੋਲੀ ਪੱਖੋਂ ਇਹ) ਗ੍ਰੰਥ ਸਿੱਖ ਕੌਮ ਵਿੱਚ ਵਿਵਾਦ ਬਣਿਆ ਹੋਇਆ ਹੈ। ਜਿਸ ਤਰ੍ਹਾਂ ਗੁਰਮਤਿ ਵਿਰੋਧੀ ਲਾਬੀ ਵਲੋਂ ਮੱਕਾਰੀ ਨੀਤੀ ਤਹਿਤ ਅਖੌਤੀ ਦਸਮ ਗ੍ਰੰਥ ਨੂੰ ਭਾਈ ਮਨੀ ਸਿੰਘ ਦੇ ਨਾਮ ਨਾਲ ਜੋੜ ਦਿੱਤਾ ਹੈ, ਇਸੇ ਤਰ੍ਹਾਂ ਕਈ ਸਿੱਖੀ ਰਹਿਤਨਾਮੇ ਪੁਰਾਤਨ ਸਿੱਖਾਂ ਦੇ ਨਾਮ ਨਾਲ ਜੋੜੇ ਹੋਏ ਹਨ। ਜਿਨ੍ਹਾਂ ਬਾਰੇ ਪ੍ਰਿੰ: ਹਰਿਭਜਨ ਸਿੰਘ ਜੀ ਚੰਡੀਗੜ੍ਹ ਵਾਲੇ ਲਿਖਦੇ ਹਨ ਕਿ, ਭਾਈ ਦਯਾ ਸਿੰਘ, ਭਾਈ ਚੌਪਾ ਸਿੰਘ ਜਾਂ ਗੁਰੂ ਕਾਲ ਦੇ ਹੋਰ ਲਿਖਾਰੀਆਂ ਵਲੋਂ ਲਿਖੇ ਰਹਿਤਨਾਮੇ ਆਦਿ ਲਈ, ਇਨ੍ਹਾਂ ਸਿੱਖਾਂ ਦੇ ਨਾਮ ਕਿਸੇ ਕੂੜ ਤੇ ਮੱਕਾਰੀ ਨੀਤੀ ਤਹਿਤ ਹੀ ਵਰਤੇ ਗਏ ਹਨ, ਉਂਝ ਇਹ ਲਿਖਤਾਂ ਗੁਰੂ ਪਿਆਰੇ ਸਿੱਖਾਂ ਦੀਆਂ ਬਿਲਕੁਲ ਨਹੀਂ ਹਨ। ਕਿਉਂਕਿ ਇਨ੍ਹਾਂ ਗੁਰਮੁਖਾਂ ਦੀ ਕੋਈ ਲਿਖਤ ਗੁਰੂਬਾਣੀ ਦੀ ਵਿਚਾਰਧਾਰਾ ਵਿਰੋਧੀ ਹੋ ਹੀ ਨਹੀਂ ਸੀ ਸਕਦੀ। ਬਾਕੀ ਸਭ ਲਿਖਾਰੀ ਸੰਪ੍ਰਦਾਈ ਜਾਂ ਸਿੱਖ ਵਿਰੋਧੀ ਸੋਚ ਦੇ ਮਰੀਜ਼ ਹੀ ਹਨ ਜਿਨ੍ਹਾਂ ਨੇ ਸਿੱਖ ਕੌਮ ਨੂੰ ਭੰਬਲ ਭੂਸੇ ਵਿੱਚ ਪਾਉਣ ਜਾਂ ਵਿਵਾਦੀਂ ਉਲਝਾਉਣ ਲਈ ਹੀ ਸਿੱਖ ਬਾਣੇ ਦਾ ਸਹਾਰਾ ਲਿਆ ਹੈ, ਉਂਝ ਇਹ ਸਨਾਤਨੀ ਸੋਚ ਦੇ ਧਾਰਨੀ (ਬਿੱਪ੍ਰ ਸੋਚ ਗਲ ਸਿੱਖੀ ਬਾਣੇ ਵਾਲੇ) ਹੀ ਸਨ ਤੇ ਹਨ।

ਅਖੌਤੀ ਦਸਮ ਗ੍ਰੰਥ ਨੂੰ ਆਪਣਾ ਇਸ਼ਟ ਮੰਨਣ ਵਾਲਿਓ, ਬਿੱਪ੍ਰ ਨੀਤੀ ਤਹਿਤ ਆਪਣੀ ਪੂਰੀ ਮੱਕਾਰੀ ਵਰਤ ਕੇ ਵੀ ਬਚਿੱਤ੍ਰ ਨਾਟਕੀ ਗ੍ਰੰਥ ਦੇ ਕਾਲ, ਅਕਾਲ, ਮਹਾਂਕਾਲ ਨੂੰ ਤੁਸੀਂ ਗੁਰੂਬਾਣੀ ਦਾ ਅਕਾਲ ਪੁਰਖ ਨਹੀਂ ਬਣਾ ਸਕਦੇ। ਸੱਚ ਉੱਤੇ, ਝੂਠੇ ਪਰਪੰਚ ਰਚ ਕੇ, ਆਰਜ਼ੀ (Temporary) ਤੌਰ 'ਤੇ ਪਰਦਾ ਤਾਂ ਪਾਇਆ ਜਾ ਸਕਦਾ ਹੈ ਪਰ ਸੱਚ ਨੂੰ ਝੁਠਲਾਇਆ ਜਾਂ ਮਿਟਾਇਆ ਨਹੀਂ ਜਾ ਸਕਦਾ। **ਸਨਿਮਰ ਬੇਨਤੀ ਹੈ ਕਾਲਪੁਰਖ, ਕਾਲ, ਮਹਾਂਕਾਲ, ਕਰਾਚੋਲੀ, ਭਗਉਤੀ, ਦੁਰਗਾ ਅਤੇ ਸ੍ਰੀ ਦੇ ਪੈਰੋਕਾਰਾਂ ਨੂੰ, ਤੁਹਾਡਾ ਇਸ਼ਟ ਤੁਹਾਨੂੰ ਮੁਬਾਰਕ ਪਰ ਆਪਣੇ ਇਸ਼ਟ ਨੂੰ ਸਿੱਖ ਕੌਮ ਦੇ ਗਲ ਪਾਉਣ**

(ਨਿਰੋਲ ਝੂਠ ਨੂੰ ਸੱਚ ਬਨਾਉਣ) **ਦੀ ਕੁਚੇਸ਼ਟਾ ਨਾ ਕਰੋ। ਗੁਰੂ ਨਾਨਕ ਦੇ ਅਕਾਲ ਪੁਰਖ ਅਤੇ ਅਕਾਲ ਪੁਰਖੀ ਫ਼ੌਜ** (ਨਿਰਮਲ, ਖ਼ਾਲਸਾ ਪੰਥ) **ਦੀ ਤੁਲਨਾ, ਆਪਣੇ ਕਲਪਿਤ ਕਾਲ ਪੁਰਖ ਅਤੇ ਉਸਦੀ** (ਡਮਾ ਡੰਮ ਡਉਰੂ ਸਿਤਾ ਸੇਤ ਛੱਤ੍ਰੰ॥ ਹਾਹਾ ਹੂਹ ਹਾਸੰ ਝਮਾ ਝੱਮ ਅੱਤ੍ਰੰ॥ ਮਹਾਂ ਘੋਰ ਸਬਦੰ ਬਜੇ ਸੰਖ ਐਸੰ॥ ਪ੍ਰਲੈ ਕਾਲ ਕੇ ਕਾਲ ਕੀ ਜ੍ਵਾਲ ਜੈਸੰ॥੧੯/੪੦॥) **ਭੂਤਾਂ, ਪਰੇਤਾਂ ਤੇ ਅਘੋਰੀ ਭੰਗੀਆਂ ਦੀ ਧੌਂਰੂ ਪਾਉਣੀ ਫ਼ੌਜ ਨਾਲ ਨਾ ਕਰੋ।**

ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਜੀ ਦੀ ਗਿਆਨ ਪਰਬੀਨ ਵਿਚਾਰਧਾਰਾ, ਗੁਰੂਬਾਣੀ (**ਗੁਰੂ ਗ੍ਰੰਥ ਸਾਹਿਬ ਜੀ**) ਵਿੱਚ ਪ੍ਰਕਾਸ਼ਮਾਨ ਹੈ। ਗੁਰੂ ਨਾਨਕ ਜੋਤਿ ਸਿੱਖ ਸਤਿਗੁਰਾਂ ਨੇ ਸਿੱਖ ਕੌਮ ਨੂੰ (ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ), ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਸੀ। ਸ਼ਬਦ ਗੁਰੂ ਦੇ ਸਿੱਖ ਨੂੰ, ਉਸੇ ਵਿਚਾਰਧਾਰਾ ਨਾਲ ਜੁੜਨਾ ਚਾਹੀਦਾ ਹੈ ਜੋ ਸਿੱਖ ਸਤਿਗੁਰਾਂ ਨੇ ਆਪ ਸਿੱਖ ਕੌਮ ਨੂੰ ਦਿੱਤੀ। ਜੋ ਲਿਖਤ ਜਾਂ ਵਿਚਾਰਧਾਰਾ ਸਿੱਖ ਸਤਿਗੁਰਾਂ ਨੇ ਆਪਣੇ ਹੱਥੀਂ ਨਹੀਂ ਦਿੱਤੀ, ਉਸ ਨਾਲ ਨਾਤਾ ਜੋੜਨਾ, ਸਿੱਖੀ ਦੀ ਵਿਲੱਖਣਤਾ ਵਲੋਂ ਮੂੰਹ ਮੋੜ ਲੈਣਾ ਹੈ। ਗੁਰਮਤਿ ਵਿਰੋਧੀ ਲਾਬੀ ਦੀ, ਸਾਮ ਦਾਮ ਦੰਡ ਭੇਦ ਵਾਲੀ ਨੀਤੀ ਤਹਿਤ, ਸਿੱਖ ਕੌਮ ਵਿੱਚ ਘੁਸ-ਪੈਠ ਕਰ ਚੁੱਕੀ ਬਿੱਪ੍ਰਵਾਦੀ ਸੋਚ, ਗੁਰੂ ਗ੍ਰੰਥ ਸਾਹਿਬ ਜੀ ਦੀ ਗਿਆਨ ਪਰਬੀਨ ਵਿਚਾਰਧਾਰਾ ਅਤੇ ਸਿੱਖ ਕੌਮ ਦੇ ਸਿਧਾਂਤਕ ਆਤਮ ਸਨਮਾਨ ਅਤੇ ਵਿਲੱਖਣਤਾ ਨੂੰ ਸਹਿਨ ਨਹੀਂ ਕਰ ਸਕੀ। ਇਸ ਗੁਰਮਤਿ ਵਿਰੋਧੀ ਸੋਚ ਨੇ, ਸਮੇਂ ਸਮੇਂ, ਗੁਰ-ਉਪਦੇਸ਼ ਵਿਰੋਧੀ ਲਿਖਤਾਂ (ਜਨਮ ਸਾਖੀ ਭਾਈ ਬਾਲੇ ਵਾਲੀ, ਗੁਰਬਿਲਾਸ ਪਾਤਿਸ਼ਾਹੀ ਛੇਵੀਂ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਅਖੌਤੀ ਦਸਮ ਗ੍ਰੰਥ ਤੇ ਸਰਬ ਲੋਹ ਗ੍ਰੰਥ ਆਦਿ ਅਤੇ ਹੋਰ ਭੇਖੀ ਲਿਖਾਰੀਆਂ ਦੀਆਂ ਲਿਖਤਾਂ) ਨੂੰ, ਸਿੱਖ ਕੌਮ ਨਾਲ ਜੋੜ ਕੇ, ਬੁੱਕਲ ਦੇ ਸੱਪਾਂ ਵਾਲਾ ਕਿਰਦਾਰ ਨਿਭਾਉਂਦਿਆਂ ਧ੍ਰੋਹ ਹੀ ਕਮਾਇਆ ਹੈ। ਸਿੱਖੀ ਪਹਿਰਾਵੇ (ਭੇਖੀ ਬਾਣੇ) ਦੀ ਓਟ ਅਤੇ ਗਿਆਨ ਵਿਹੂਣੀ ਪੂਜਾਰੀ ਸ਼੍ਰੇਣੀ ਦੀ ਅਣਗਹਿਲੀ ਕਾਰਨ, ਇਹ ਗੁਰ ਉਪਦੇਸ਼ ਵਿਰੋਧੀ ਲਿਖਤਾਂ ਗੁਰੂ ਦਰਬਾਰਾਂ ਵਿੱਚ ਆਪਣੀ ਹੋਂਦ ਜਿਤਲਾਉਂਦੀਆਂ, ਪੈਰ ਜਮਾਉਂਦੀਆਂ ਅਤੇ ਪਰਭਾਵ ਬਨਾਉਂਦੀਆਂ ਗਈਆਂ। ਹਾਲਾਤ ਇੱਥੋਂ ਤੱਕ ਨਿੱਘਰ ਗਈ ਕਿ, **ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥...ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥੯੨੦/੪॥** ਆਪਣੇ ਗੁਰੂ ਦਾ ਇਹ ਉਪਦੇਸ਼ ਨਿੱਤ ਪੜ੍ਹਨ ਵਾਲਿਆਂ ਦੇ ਨਿੱਤਨੇਮ ਵਿੱਚ, ਗੁਰੂ ਗ੍ਰੰਥ ਸਾਹਿਬ ਵਿੱਚੋਂ ਦੋ (**ਜਪੁ ਤੇ ਅਨੰਦੁ**) ਅਤੇ ਸਿੱਖੀ ਦੇ ਵਿਹੜੇ ਵਿੱਚ, ਗੁਰਮਤਿ ਵਿਰੋਧੀਆਂ ਵਲੋਂ ਸੁੱਟੀਆਂ ਗਈਆਂ, ਨਿਗੁਰੀਆਂ ਤੇ ਨਿਖਸਮੀਆਂ ਲਿਖਤਾਂ ਵਿੱਚੋਂ ਤਿੰਨ (**ਜਾਪੁ, ਸਵੱਯੇ ਤੇ ਚੌਪਈ**) ਕਾਵਿ ਰਚਨਾ ਸ਼ਾਮਲ ਹੋ ਗਈਆਂ। ਕਿਉਂ ਅਤੇ ਕਿਵੇਂ ਦੀ ਸ਼ੰਕਾ ਉੱਠਣ ਦੀ ਬਜਾਏ ਸਿੱਖਾਂ ਨੇ ਗੁਰੂਬਾਣੀ ਤੋਂ ਬਾਹਰੀ ਰਚਨਾਵਾਂ ਨੂੰ ਸਿਰ ਝੁਕਾ ਕੇ ਪਰਵਾਨ ਕਰ ਲਿਆ। ਫਿਰ ਕੀ ਸੀ, ਦਿਨੋ-ਦਿਨ ਡੇਰਿਆਂ ਦੀ ਗਿਣਤੀ ਅਤੇ ਕਰਮਕਾਂਡੀ ਰਹੁ-ਰੀਤਾਂ ਦੇ ਵਾਧੇ ਹੇਠ, ਗੁਰਮਤਿ ਦੇ ਗਿਆਨਮਈ ਸਿਧਾਂਤ ਦੱਬ ਜਾਂ ਅਲੋਪ ਹੁੰਦੇ ਗਏ। ਸਮੂਹ ਸੰਪ੍ਰਦਾਵਾਂ ਅਤੇ ਨਿੱਜੀ ਡੇਰੇ, ਬਾਬਾਵਾਦੀ ਕਰਿਆਨੇ ਦੀਆਂ ਦੁਕਾਨਾਂ ਹੀ ਤਾਂ ਹਨ ਜਿਨ੍ਹਾਂ ਵਲੋਂ ਆਪਣਾ ਮਨਮੱਤੀ ਮਾਲ (ਗਿਆਨ ਵਿਹੂਣੇ ਨਿਰੋਲ ਝੂਠ ਦੀਆਂ ਕਲਪਿਤ ਗਾਥਾਵਾਂ) ਵੇਚਣ ਲਈ, ਆਪਣੇ ਡੇਰਿਆਂ ਵਿੱਚ, ਗੁਰੂ

ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਇੱਕ ਵਪਾਰਕ ਨਿਸ਼ਾਨ (Trade Mark) ਦੇ ਤੌਰ 'ਤੇ ਵਰਤਣ ਲਈ ਹੀ ਕੀਤਾ ਜਾਂਦਾ ਹੈ। ਉਂਞ ਸਮੂਹ ਸੰਪ੍ਰਦਾਈ ਡੇਰਿਆਂ ਵਿੱਚ ਪੂਜਾ ਅਤੇ ਸਤਿਕਾਰ ਤਾਂ ਦੇਹਧਾਰੀ (ਡੇਰੇ ਦੇ ਮਾਲਕ, ਅਖੌਤੀ ਬਾਬੇ, ਮਹਾਂਪੁਰਖ) ਦਾ ਹੀ ਹੁੰਦਾ ਹੈ। ਇਸ ਗਿਰਾਵਟ ਜਾਂ ਨਿਘਾਰ ਦਾ ਹਾਲੀਂ ਕੋਈ ਹੱਲ ਜਾਂ ਯਤਨ ਕਾਮਯਾਬ ਨਹੀਂ ਹੋਵੇਗਾ ਕਿਉਂਕਿ ਬਹੁ-ਗਿਣਤੀ ਵਿੱਚ ਸਿੱਖ ਕੌਮ ਜਾਂ ਸਮਾਜ ਨੇ ਗਿਆਨ ਗੁਰੂ ਦੀ ਉਂਗਲੀ ਛੱਡ ਕੇ, ਅੰਨ੍ਹੀ ਸ਼ਰਧਾ ਦੀ ਕੰਬਲੀ ਵਿੱਚ ਆਪਣੇ ਆਪ ਨੂੰ ਵਲੇਟ ਲਿਆ ਹੈ। ਸਿੱਖ ਧਰਮ ਦਾ ਸਿਧਾਂਤਕ ਆਤਮ ਸਨਮਾਨ ਗਿਆਨ ਪਰਬੀਨ ਵਿਲੱਖਣਤਾ, ਬਿੱਪ੍ਰਵਾਦੀ ਅਜਗਰ ਦੇ ਜਬਾੜੇ ਵਿੱਚ ਆਈ, ਨਿਗਲੇ ਜਾਣ ਦੀ ਕਾਗਾਰ ਤੱਕ ਪਹੁੰਚ ਚੁੱਕੀ ਹੈ। ਜਿਸ ਦਾ ਹੱਲ ਸਿਰਫ਼ ਇੱਕ ਹੀ ਹੈ ਕਿ ਜਿੱਥੋਂ ਤਾਣੀ ਉਲਝਣੀ (**ਭਾਵ, ਗੁਰਮਤਿ ਵਿਰੋਧੀ ਲਿਖਤਾਂ ਦੀ ਆਮਦ**) ਸ਼ੁਰੂ ਹੋਈ ਸੀ, ਉੱਥੋਂ ਹੀ ਇਸ ਨੂੰ ਸੁਲਝਾਉਣ ਦਾ ਯਤਨ ਸ਼ੁਰੂ ਕੀਤਾ ਜਾਵੇ। ਭਾਵ, ਆਪਣੇ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼, **ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥** ਨੂੰ ਸਿਰ ਮੱਥੇ ਮੰਨਦੇ ਹੋਏ, ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰੀ ਹਰ ਲਿਖਤ ਨੂੰ ਆਪਣੇ ਨਿੱਤਨੇਮ ਵਿੱਚੋਂ ਮਨਫ਼ੀ ਕਰਕੇ, **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥** ਵਾਲਾ ਜੀਵਨ ਬਣਾ ਲਈਏ।

ਗੁਰ-ਬਿਲਾਸ ਪਾਤਿਸ਼ਾਹੀ ਛੇਵੀਂ, ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਅਤੇ ਸਰਬਲੋਹ ਗ੍ਰੰਥ ਆਦਿ ਦੀ ਸਮੂਹ ਲਿਖਤ, ਸਿਰਫ਼ ਤੇ ਸਿਰਫ਼ ਦੇਵੀ ਦੇਵ ਪੁਰਾਣਾਂ ਨਾਲ ਸੰਬੰਧਿਤ ਲਿਖਤਾਂ ਹਨ। ਮੈਨੂੰ ਇਹ ਕਹਿਣ ਵਿੱਚ ਰਤਾ ਵੀ ਸੰਕੋਚ ਨਹੀਂ ਹੈ ਕਿ ਅਖੌਤੀ ਦਸਮ ਗ੍ਰੰਥ ਦਾ ਇੱਕ ਵੀ ਅੱਖਰ, ਗੁਰੂ ਨਾਨਕ ਜੀ ਦੀ ਗੁਰ ਜੋਤਿ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ ਹੈ ਅਤੇ ਇਸਦੇ ਲੇਖਕ ਵੀ, ਸਿੱਖ ਪਹਿਰਾਵੇ ਦੇ ਭੇਖ ਵਿੱਚ, ਦੇਵੀ ਦੇਵਾ ਦੇ ਪੈਰੋਕਾਰ ਹੀ ਹੋਣਗੇ। ਬਾਬਾਵਾਦੀਆਂ ਦੇ ਡੇਰਿਆਂ ਅਤੇ ਇਨ੍ਹਾਂ ਡੇਰਿਆਂ ਵਿੱਚ ਖਰਮਸਤੀਆਂ ਕਰਦੇ ਪਾਖੰਡੀ ਸਾਧਾਂ ਦਾ ਪੂਰਨ ਤੌਰ 'ਤੇ ਬਾਈਕਾਟ ਕਰ ਕੇ, ਆਪਣੇ ਅਸਲ ਇਸ਼ਟ, ਸ਼ਬਦ ਗੁਰੂ ਨਾਲ ਜੁੜੀਏ। ਤਦ ਹੀ ਗੁਰੂ ਮਿਹਰ ਕਰੇਗਾ ਅਤੇ ਨਿਰਮਲ (ਖ਼ਾਲਸਾ) ਪੰਥ ਦਾ ਅਸਲ ਜਲਾਲ ਪ੍ਰਕਾਸ਼ਮਾਨ ਹੋਵੇਗਾ।

ਗਿਆਨ ਗੁਰੂ ਦੀ, ਸਿੱਖ ਕੌਮ ਦੇ ਵਾਰਸੋ, ਕਦੀ ਤਾਂ ਸੁਚੱਜੀ ਸੋਚ ਤਹਿਤ ਸੋਚਣ ਦੀ ਕੋਸ਼ਿਸ਼ ਕਰਿਆ ਕਰੋ। ਗਿਆਨ ਗੁਰੂ ਦੇ ਸਿੱਖ ਵੀ ਅਖਾਉਂਦੇ ਹੋ ਅਤੇ ਗੁਰਮਤਿ ਵਿਰੋਧੀ ਲਿਖਤਾਂ ਨੂੰ ਵੀ ਜੱਫੀਆਂ ਪਾਈ ਜਾ ਰਹੇ ਹੋ। ਜੇ ਬਚਿੱਤ੍ਰ ਨਾਟਕ ਵਾਲੇ ਸਰਬ ਕਾਲ ਜਾਂ ਸਰਬ ਲੋਹ ਦੀ ਤੁਲਨਾ, ਗੁਰਬਾਣੀ ਵਿਚਾਰਧਾਰਾ ਦੇ ਅਕਾਲ ਪੁਰਖ, **ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥੨੮੩/੧੬॥** ਨਾਲ ਕਰਾਂਗੇ, ਤਾਂ ਸੱਚ ਜਾਣੋਂ ਅਸੀਂ ਬਹੁਤ ਹੀ ਵੱਡੇ ਭੁਲੇਖੇ ਜਾਂ ਫਿਰ ਕਿਸੇ ਮੱਕਾਰੀ ਸੋਚ ਦੇ ਫੈਲਾਏ ਫੰਦੇ ਵਿੱਚ ਫਸਣ ਦੇ ਖ਼ੁਦ ਜ਼ੁੰਮੇਵਾਰ ਹੋਵਾਂਗੇ। ਇਸ (ਬਚਿੱਤ੍ਰ ਨਾਟਕ) ਗ੍ਰੰਥ ਦੇ ਲਿਖਾਰੀ ਦਾ ਕਾਲ, ਸਰਬ ਕਾਲ ਮਹਾਂਕਾਲ ਕੌਣ ਹੈ, ਇਸੇ ਗ੍ਰੰਥ ਦੀਆਂ ਲਿਖਤਾਂ ਵਿੱਚੋਂ ਦੇਖਿਆ ਪੜ੍ਹਿਆ ਜਾ ਸਕਦਾ ਹੈ। ਇਸ ਬਿੱਪਰੀ ਗ੍ਰੰਥ ਦਾ ਪੰਨਾ ੭੧੭ ਦੇ, ੧ ਤੋਂ ੨੭ ਬੰਦ ਅਤੇ ਪੰਨਾ ੧੩੬੫-੬੬ ਦੇ, ਬੰਦ ਨੰਬਰ ੯੯ ਤੋਂ ੧੦੦ ਨੰਬਰ ਤੱਕ ਇਮਾਨਦਾਰੀ ਤਹਿਤ ਪੜ੍ਹ ਲਵਾਂਗੇ ਤਾਂ ਸੱਚ ਜਾਣੋਂ, ਸਾਰੀ ਦੁਬਿਧਾ ਅਤੇ ਭੁਲੇਖੇ ਆਪਣੇ ਆਪ ਹੀ ਦੂਰ ਹੋ ਜਾਣਗੇ, ਬਸ਼ਰਤੇ ਪੜ੍ਹਨ ਵਾਲਾ ਇਮਾਨਦਾਰੀ ਨਾਲ ਪੜ੍ਹੇ। ਆਪਣੇ ਅਸਲ ਬਾਪ ਦੇ ਹੁੰਦਿਆਂ,

ਸਿੱਖ ਕੌਮ ਕਿਸੇ ਪਰਾਏ ਨੂੰ ਆਪਣਾ ਸੁਤੇਲਾ ਬਾਪ ਬਣਾ, ਆਪ ਹੀ ਕੁਪੁੱਤਰ ਬਣ ਕੇ ਆਪਣਾ ਮੌਂਜੂ ਆਪ ਹੀ ਉਡਵਾ ਰਹੀ ਹੈ। ਜਿਨ੍ਹਾਂ ਨੂੰ ਪੌਰਾਣਿਕ ਗਾਥਾਵਾਂ ਵਾਲਾ ਬਾਪ ਪਿਆਰਾ ਲੱਗਦਾ ਹੈ, ਉਨ੍ਹਾਂ ਨੂੰ ਮੁਬਾਰਕ, ਫਿਰ ਉਹ ਸ਼ਬਦ ਗੁਰੂ ਦੇ ਸਿੱਖ ਬਣਨ ਦਾ ਢੌਂਗ ਕਿਉਂ ਰਚਦੇ ਹਨ ? ਗਧੇ ਉੱਤੇ ਸ਼ੇਰ ਦੀ ਖੱਲ ਪਾ ਕੇ ਇੱਕ ਸਵਾਂਗ (ਭੇਖ) ਤਾਂ ਰਚਿਆ ਜਾ ਸਕਦਾ ਹੈ ਪਰ ਗਧੇ ਵਿੱਚ ਸ਼ੇਰ ਦੇ ਗੁਣ ਨਹੀਂ ਪੈਦਾ ਕੀਤੇ ਜਾ ਸਕਦੇ। ਜਿਵੇਂ ਕੋਇਲ ਅਤੇ ਕਾਂ ਇੱਕ ਰੰਗ ਦੇ ਹੋਣ ਕਰਕੇ ਥੋੜਾ ਭੁਲੇਖਾ ਪੈ ਸਕਦਾ ਹੈ ਪਰ ਬੋਲੀ ਤੋਂ ਝੱਟ ਪਛਾਣ ਹੋ ਜਾਂਦੀ ਹੈ। ਇਸੇ ਤਰ੍ਹਾਂ ਗੁਰੂਬਾਣੀ ਅਤੇ ਨਿਗੁਰੀ ਬਾਣੀ ਦੀ ਸ਼ਬਦਾਵਲੀ ਭਾਵੇਂ ਰਲਦੀ ਮਿਲਦੀ ਹੋਵੇ ਪਰ ਹੰਸਾਂ ਹੀਰਾ ਮੋਤੀ ਚੁਗਣਾ ਦੇ ਗੁਰ ਉਪਦੇਸ਼ ਅਨੁਸਾਰ, ਗੁਰਮੁਖ ਪਿਆਰੇ ਸੱਚੀ (ਗੁਰੂਬਾਣੀ) ਅਤੇ ਕੱਚੀ (ਨਿਗੁਰੀ) ਬਾਣੀ ਦੀ ਪਛਾਣ, ਸ਼ਬਦਾਵਲੀ ਤੋਂ ਹੀ ਕਰ ਲੈਂਦੇ ਹਨ।

ਅਸਲ ਵਿੱਚ ਗੁਰਮਤਿ (ਗੁਰੂਬਾਣੀ ਗਿਆਨ ਉਪਦੇਸ਼) ਵਿਰੋਧੀ ਲਾਬੀ ਵਲੋਂ, ਗੁਰੂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਜੀ ਦੇ, ਪਹਿਲੇ ਸਿੱਖ ਸਤਿਗੁਰਾਂ ਨਾਲੋਂ ਵੱਖਰੇ ਵਿਚਾਰ ਦਰਸਾਉਣ ਅਤੇ ਅਲੱਗ ਪਹਿਚਾਣ ਬਨਾਉਣ ਲਈ, ਕੂਟ (ਛਲ ਕਪਟ, ਮੱਕਾਰ) ਨੀਤੀ ਤਹਿਤ ਪੂਰਾ ਤਾਣ ਲਾਇਆ ਜਾ ਰਿਹਾ ਹੈ ਅਤੇ ਆਮ ਸਿੱਖ, ਇਸ ਕੂਟ ਨੀਤੀ ਨੂੰ ਸਮਝਣ ਤੋਂ ਅਸਮਰੱਥ ਹਨ। ਇਸ ਗੁਰਮਤਿ ਵਿਰੋਧੀ ਲਾਬੀ ਦਾ ਪੂਰਾ ਸਾਥ ਦੇ ਰਹੇ ਹਨ ਲਾਲਚੀ ਵਿਕਾਊ ਜਾਂ ਗ਼ੁਲਾਮ ਜ਼ਮੀਰ ਵਾਲੇ, ਸਮੂਹ ਸੰਤ ਸਮਾਜੀਏ, ਸੰਪ੍ਰਦਾਈਏ ਅਤੇ ਇਨ੍ਹਾਂ ਦੇ ਪੈਰੋਕਾਰ। ਸੋ ਸਿੱਖ ਕੌਮ ਨੂੰ, ਸਿੱਖ ਕੌਮ ਵਿੱਚ ਫੈਲੇ ਕੈਂਸਰ ਰੂਪੀ ਡੇਰਾਵਾਦ ਵਲੋਂ ਪੂਰਨ ਤੌਰ 'ਤੇ ਜਾਗਰੂਕ ਅਤੇ ਸੁਚੇਤ ਹੋਣ ਦੀ ਲੋੜ ਹੈ।

ਇੱਕ ਵੇਰ ਫਿਰ ਦੁਹਰਾ ਰਿਹਾ ਹਾਂ ਕਿ, ਅਖੌਤੀ ਦਸਮ ਗ੍ਰੰਥ (ਅਖੌਤੀ ਇਸ ਲਈ ਲਿਖਦਾ ਹਾਂ ਕਿ ਇਸਦੀ ਮੂਲ ਲਿਖਤ ਦਾ, ਇਹ ਨਾਮ ਹੈ ਹੀ ਨਹੀਂ ਸੀ) ਦੀ ਸਮੂਹ ਲਿਖਤ ਦੇਵੀ ਦੇਵਤਿਆਂ ਦੇ ਪੁਰਾਣ ਗ੍ਰੰਥਾਂ ਨਾਲ ਸੰਬੰਧਿਤ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਗਿਆਨ ਉਪਦੇਸ਼ ਬਾਣੀ ਨਾਲ, ਕਲਪਿਤ ਗਾਥਾਵੀ ਲਿਖਤਾਂ ਦੀ ਤੁਲਨਾ ਕਰਨਾ ਮਹਾਂ ਮੂਰਖਤਾ ਹੈ। ਗੁਰੂ ਨਾਨਕ ਜੀ ਦੀ ਜੋਤਿ, ਗੁਰੂ ਗੋਬਿੰਦ ਸਿੰਘ ਜੀ ਦਾ ਇਨ੍ਹਾਂ ਲਿਖਤਾਂ ਨਾਲ ਕੋਈ ਸੰਬੰਧ ਹੋ ਹੀ ਨਹੀਂ ਸਕਦਾ। ਦੇਵੀ ਦੇਵਤਿਆਂ ਬਾਰੇ ਗੁਰੂਬਾਣੀ ਦੀ ਵਿਚਾਰਧਾਰਾ ਹੈ ਕਿ, **ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥ ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥**੧੨੯/੮॥ **ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮ ਨਹੀ ਜਾਨਾ ॥ ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥**੩੩੨/੧੫॥ **ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥**੬੩੭/੫॥ **ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥**੮੭੪/੧੨॥ ਗੁਰੂ ਨਾਨਕ ਦੀ ਜੋਤਿ, ਗੁਰੂ ਗੋਬਿੰਦ ਸਿੰਘ ਜੀ ਤੋਂ ਦੇਵਤਾਈ ਗ੍ਰੰਥਾਂ ਦੇ ਅਨੁਵਾਦ ਅਤੇ ਦੇਵੀ ਸ਼ਸਤਰਾਂ ਦੀ ਪੂਜਾ ਕਰਾਉਣ ਅਤੇ ਕਰਨ ਵਾਲੇ, ਗੁਰੂ ਨਾਨਕ ਜੀ ਦੇ ਪੈਰੋਕਾਰ ਤੇ ਸ਼ਬਦ ਗੁਰੂ ਦੇ ਸਿੱਖ ਕਿਵੇਂ ਕਹੇ ਜਾ ਸਕਦੇ ਜਾਂ ਅਖਵਾ ਸਕਦੇ ਹਨ :

ਖ਼ਾਲਸ ਖ਼ਾਲਸਾ ਬਾਹਰੋਂ ਦਿਖਾਈ ਦਿੰਦਾ, ਸੋਚ ਮੰਡਲ ਵਿੱਚ ਬਿੱਪਰ ਬਿਠਾ ਲਿਆ ਹੈ।
ਗੁਰੂ ਗਿਆਨ ਉੱਤੇ ਅਗਿਆਨਤਾ ਨੇ, ਪੂਰਾ ਆਪਣਾ ਰੋਹਬ ਜਮਾ ਲਿਆ ਹੈ।

ਸਿੱਖ ਕੌਮ ਨੇ, ਜੇਕਰ ਸਿਧਾਂਤਕ ਤੌਰ 'ਤੇ ਸਿੱਖ ਧਰਮ ਨੂੰ ਬਚਾਉਣਾ ਹੈ ਤਾਂ ਹਰ ਇੱਕ ਸਿੱਖ (ਜੋ ਸਿਰਫ਼ ਤੇ ਸਿਰਫ਼ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਸਿੱਖ ਹੋਵੇ, ਕਿਸੇ ਅਖੌਤੀ ਸੰਤ ਬਾਬੇ ਮਹਾਂਪੁਰਖ ਜਾਂ ਬ੍ਰਹਮ ਗਿਆਨੀ ਦਾ ਦੇਹ ਪੂਜਕ ਨਾ ਹੋਵੇ) ਨੂੰ, ਇਹ ਦ੍ਰਿੜ ਨਿਸਚਾ ਬਣਾ ਲੈਣਾ ਚਾਹੀਦਾ ਹੈ ਕਿ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਨੌਂ (ਗੁਰ ਅੰਗਦ ਤੋਂ ਗੁਰ ਗੋਬਿੰਦ ਸਿੰਘ ਤੱਕ) ਜਾਨਸ਼ੀਨਾਂ (Successors) ਦੀ ਇੱਕ ਹੀ ਵਿਚਾਰਧਾਰਾ ਤੇ ਜੀਵਨ ਯੁਕਤ ਸੀ। ਸਿੱਖ ਪੰਥ ਨੂੰ ਧਾਰਮਿਕ ਅਤੇ ਸਮਾਜਿਕ ਫ਼ੈਸਲਾਕੁਨ ਅਧਿਕਾਰ ਦੇਣ (ਪੰਜ ਸਿੰਘਾਂ ਦੀ ਚੋਣ) ਸਮੇਂ, ਜੋ ਵੀ ਰਹੁ-ਰੀਤ ਕੀਤੀ ਗਈ ਉਹ, **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ** ॥੬੪੬॥ ਦੇ ਆਧਾਰ ਉੱਤੇ ਹੀ ਕੀਤੀ ਗਈ। ਗੁਰਬਾਣੀ ਤੋਂ ਬਾਹਰੀ ਕੋਈ ਕਵਿਤਾ ਵਗ਼ੈਰਾ ਪੜ੍ਹਨ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੋਣਾ ਚਾਹੀਦਾ, ਪਰ ਸਿੱਖ ਕੌਮ ਦੀ ਵਿਰੋਧੀ ਸੋਚ ਇਹ ਕਿਵੇਂ ਸਹਿਨ ਕਰ ਸਕਦੀ ਸੀ। ਸੋ ਉਨ੍ਹਾਂ ਗੁਰੂ ਕਾਲ ਤੋਂ ਹੀ, ਉਦਾਸੀ ਤੇ ਨਿਰਮਲੇ ਨਾਮ ਤਹਿਤ, ਸਿੱਖੀ ਸਰੂਪ ਧਾਰਨ ਕਰਕੇ ਗੁਰ ਸਥਾਨਾਂ ਅੰਦਰ ਦਾਖ਼ਲ ਹੋਣਾ ਸ਼ੁਰੂ ਕਰ ਲਿਆ ਸੀ ਅਤੇ ਗੁਰੂ ਕਾਲ ਤੋਂ ਬਾਅਦ ਸਿੱਖਾਂ ਵਿੱਚ ਭੰਬਲ ਭੂਸੇ ਪਾਉਣ, ਵਿਵਾਦੀਂ ਉਲਝਾਉਣ ਲਈ ਹਰ ਹੀਲਾ ਵਰਤਿਆ ਅਤੇ ਸਿੱਖ ਕੌਮ ਨੇ ਵੀ, ਸਿੱਖ ਧਰਮ ਨਾਲ ਜੋੜੀਆਂ ਅਖੌਤੀ ਰਚਨਾਵਾਂ ਨੂੰ, ਆਪਣੇ ਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਦੇ ਉਪਦੇਸ਼ ਦੀ ਕਸਾਉਟੀ ਉੱਤੇ ਪਰਖ ਕਰਨ ਤੋਂ ਬਿਨਾਂ ਹੀ ਮਸੰਦਾਂ, ਮਹੰਤਾਂ, ਅਖੌਤੀ ਸੰਤਾਂ ਅਤੇ ਅਖੌਤੀ ਸਿੱਖ ਵਿਦਵਾਨਾਂ ਦੇ ਕਹੇ ਜਾਂ ਲਿਖੇ ਅਨੁਸਾਰ ਹੀ ਪਰਵਾਨ ਕਰ ਲਿਆ। 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਕਹਾਵਤ, ਸਿੱਖ ਕੌਮ ਉੱਤੇ ਪੂਰੀ ਢੁੱਕਦੀ ਹੈ। ਬਸ ਇਹ ਅਵੇਸਲਾਪਨ ਹੀ ਅੱਜ ਸਿੱਖ ਕੌਮ ਦੇ ਗਲੇ ਵਿੱਚ ਹੱਡੀ ਦੀ ਤਰ੍ਹਾਂ ਫਸ ਗਿਆ ਹੈ, ਜਿਸ ਨੂੰ ਗਿਆਨ ਗੁਰੂ ਡਾਕਟਰ ਦੀ ਸਹਾਇਤਾ (ਪਰਖ ਕਸਵੱਟੀ, ਛਾਣਬੀਨ ਤੇ ਚੀਰਫਾੜ ਕਰਨ, Operation) ਨਾਲ ਹੀ ਕੱਢਿਆ ਜਾ ਸਕਦਾ ਹੈ। ਇਹ ਹੁਣ ਸਿੱਖ ਕੌਮ ਨੇ ਸੋਚਣਾ ਅਤੇ ਫ਼ੈਸਲਾ ਲੈਣਾ ਹੈ ਕਿ ਅਸੀਂ ਆਪਣੇ ਗਿਆਨ ਗੁਰੂ ਡਾਕਟਰ (ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਅਤੇ ਕਹਿਣੀ ਕਰਣੀ ਵਾਲੇ ਉਪਦੇਸ਼) ਰਾਹੀਂ, ਇਸ ਗਲੇ ਵਿੱਚ ਫਸੀ ਹੱਡੀ ਦੀ ਮੁਸੀਬਤ ਤੋਂ ਛੁਟਕਾਰਾ ਪਾਉਣਾ ਹੈ ਜਾਂ ਗਲੇ ਵਿੱਚ ਫਸੀ ਹੱਡੀ ਦੇ ਦਰਦ ਨੂੰ ਝੇਲਦੇ ਹੀ ਰਹਿਣਾ ਹੈ।

ਅੰਤ ਵਿੱਚ ਤਹਿ ਦਿਲੋਂ ਧੰਨਵਾਦੀ ਹਾਂ, ਮਨਮੋਹਣ ਸਿੰਘ ਸ਼ੇਰਗਿੱਲ, ਡਾ: ਸੰਤੋਖ ਸਿੰਘ ਔਜਲਾ, ਪ੍ਰੋ: ਨਿਰਮਲ ਸਿੰਘ, ਗੁਰਦਾਵਰ ਸਿੰਘ ਦੁਸਾਂਝ, ਚਰਨਜੀਤ ਸਿੰਘ ਅਟਵਾਲ, ਰਣਜੀਤ ਸਿੰਘ ਸ਼ੇਰਗਿੱਲ, ਸੁਰਿੰਦਰ ਸਿੰਘ ਤੇ ਕੁਲਵੰਤ ਕੌਰ ਜੌਹਲ, ਸੁਰਜੀਤ ਸਿੰਘ ਤੇ ਬਲਜੀਤ ਕੌਰ ਪਾਂਗਲੀ, ਜਸਵੰਤ ਸਿੰਘ ਧਾਲੀਵਾਲ, ਭਰਪੂਰ ਸਿੰਘ ਮੋਕਲ ਆਦਿ ਸੁਹਿਰਦ ਸੱਜਣਾਂ ਦਾ, ਜੋ ਗੁਰਬਾਣੀ ਵਿਚਾਰਧਾਰਾ (ਗੁਰਮਤਿ ਸਿਧਾਂਤ) ਅਨੁਸਾਰੀ ਲਿਖਤਾਂ ਲਿਖਣ ਅਤੇ ਗੁਰਮਤਿ ਵਿਰੋਧੀ ਲਿਖਤਾਂ ਦਾ ਜਵਾਬ ਦੇਣ ਲਈ ਉਤਸ਼ਾਹਿਤ ਕਰਦੇ (ਹੱਲਾਸ਼ੇਰੀ ਦਿੰਦੇ) ਰਹਿੰਦੇ ਅਤੇ ਲਿਖਤਾਂ ਦੀ ਛਪਾਈ ਲਈ ਪੂਰਾ ਸਹਿਯੋਗ ਵੀ ਦਿੰਦੇ ਹਨ। ਇਸ ਲਿਖਤ ਨੂੰ ਪੜ੍ਹਦਿਆਂ, ਪਾਠਕ ਦੇ ਮਨ ਵਿੱਚ ਉੱਠੇ ਹਰ ਸਵਾਲ ਦਾ ਜਵਾਬ, ਇਸ ਬਚਿੱਤ੍ਰ ਨਾਟਕੀ ਗਾਥਾਵਾਂ ਵਿੱਚੋਂ ਹੀ ਦੇ ਕੇ ਤਸੱਲੀ ਕਰਵਾਈ ਜਾ ਸਕਦੀ ਹੈ ਅਤੇ ਕਰਵਾਉਣ ਦੀ ਪੂਰੀ ਕੋਸ਼ਿਸ਼ ਵੀ ਕੀਤੀ ਹੈ, ਬਸ਼ਰਤੇ ਸਮਝਣ ਵਾਲੇ ਦੀ ਸੋਚ, ਸਮਝਣ ਲਈ ਇਮਾਨਦਾਰ ਹੋਵੇ, ਕਿਸੇ ਬਾਬਾਵਾਦੀ ਜਾਂ ਬਿੱਪ੍ਰਵਾਦੀ ਸੋਚ ਦੀ ਗ਼ੁਲਾਮ (ਬੈ-ਖ਼੍ਰੀਦ ਗੋਲਾ ਜਾਂ ਕਠਪੁਤਲੀ) ਨਾ ਹੋਵੇ। ਪਾਠਕ ਦੇ ਮਨ ਵਿੱਚ ਉੱਠੇ ਹਰ ਸ਼ੰਕੇ ਲਈ ਜਵਾਬਦੇਹ ਹਾਂ। •



ਸਿੱਖ ਕੌਮ ਨੇ, ਜੇਕਰ ਸਿਧਾਂਤਕ ਤੌਰ 'ਤੇ ਸਿੱਖ ਧਰਮ ਨੂੰ ਬਚਾਉਣਾ ਹੈ ਤਾਂ ਹਰ ਇੱਕ ਸਿੱਖ (ਜੋ ਸਿਰਫ਼ ਤੇ ਸਿਰਫ਼ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਸਿੱਖ ਹੋਵੇ, ਕਿਸੇ ਅਖੌਤੀ ਸੰਤ ਬਾਬੇ ਮਹਾਂਪੁਰਖ ਜਾਂ ਬ੍ਰਹਮ ਗਿਆਨੀ ਦਾ ਦੇਹ ਪੂਜਕ ਨਾ ਹੋਵੇ) ਨੂੰ, ਇਹ ਦ੍ਰਿੜ੍ਹ ਨਿਸਚਾ ਬਣਾ ਲੈਣਾ ਚਾਹੀਦਾ ਹੈ ਕਿ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਨੌਂ (ਗੁਰ ਅੰਗਦ ਤੋਂ ਗੁਰ ਗੋਬਿੰਦ ਸਿੰਘ ਤੱਕ) ਜਾਨਸ਼ੀਨਾਂ (Successors) ਦੀ ਇੱਕ ਹੀ ਵਿਚਾਰਧਾਰਾ ਤੇ ਜੀਵਨ ਯੁਕਤ ਸੀ। ਸਿੱਖ ਪੰਥ ਨੂੰ ਧਾਰਮਿਕ ਅਤੇ ਸਮਾਜਿਕ ਫ਼ੈਸਲਾਕੁਨ ਅਧਿਕਾਰ ਦੇਣ (ਪੰਜ ਸਿੰਘਾਂ ਦੀ ਚੋਣ) ਸਮੇਂ, ਜੋ ਵੀ ਰਹੁ-ਰੀਤ ਕੀਤੀ ਗਈ ਉਹ, **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ** ॥੬੪੬॥ ਦੇ ਆਧਾਰ ਉੱਤੇ ਹੀ ਕੀਤੀ ਗਈ। ਗੁਰਬਾਣੀ ਤੋਂ ਬਾਹਰੀ ਕੋਈ ਕਵਿਤਾ ਵਗੈਰਾ ਪੜ੍ਹਨ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੋਣਾ ਚਾਹੀਦਾ, ਪਰ ਸਿੱਖ ਕੌਮ ਦੀ ਵਿਰੋਧੀ ਸੋਚ ਇਹ ਕਿਵੇਂ ਸਹਿਨ ਕਰ ਸਕਦੀ ਸੀ। ਸੋ ਉਨ੍ਹਾਂ ਗੁਰੂ ਕਾਲ ਤੋਂ ਹੀ, ਉਦਾਸੀ ਤੇ ਨਿਰਮਲੇ ਨਾਮ ਤਹਿਤ, ਸਿੱਖੀ ਸਰੂਪ ਧਾਰਨ ਕਰ ਕੇ ਗੁਰ ਸਥਾਨਾਂ ਅੰਦਰ ਦਾਖ਼ਲ ਹੋਣਾ ਸ਼ੁਰੂ ਕਰ ਲਿਆ ਸੀ ਅਤੇ ਗੁਰੂ ਕਾਲ ਤੋਂ ਬਾਅਦ ਸਿੱਖਾਂ ਵਿਚ ਭੰਬਲ ਭੂਸੇ ਪਾਉਣ, ਵਿਵਾਦੀਂ ਉਲਝਾਉਣ ਲਈ ਹਰ ਹੀਲਾ ਵਰਤਿਆ ਅਤੇ ਸਿੱਖ ਕੌਮ ਨੇ ਵੀ, ਸਿੱਖ ਧਰਮ ਨਾਲ ਜੋੜੀਆਂ ਅਖੌਤੀ ਰਚਨਾਵਾਂ ਨੂੰ, ਆਪਣੇ ਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਦੇ ਉਪਦੇਸ਼ ਦੀ ਕਸਾਉਟੀ ਉੱਤੇ ਪਰਖ ਕਰਨ ਤੋਂ ਬਿਨਾਂ ਹੀ ਮਸੰਦਾਂ, ਮਹੰਤਾਂ, ਅਖੌਤੀ ਸੰਤਾਂ ਅਤੇ ਅਖੌਤੀ ਸਿੱਖ ਵਿਦਵਾਨਾਂ ਦੇ ਕਹੇ ਜਾਂ ਲਿਖੇ ਅਨੁਸਾਰ ਹੀ ਪਰਵਾਨ ਕਰ ਲਿਆ। 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਕਹਾਵਤ, ਸਿੱਖ ਕੌਮ ਉੱਤੇ ਪੂਰੀ ਢੁੱਕਦੀ ਹੈ। ਬਸ ਇਹ ਅਵੇਸਲਾਪਨ ਹੀ ਅੱਜ ਸਿੱਖ ਕੌਮ ਦੇ ਗਲੇ ਵਿਚ ਹੱਡੀ ਦੀ ਤਰ੍ਹਾਂ ਫਸ ਗਿਆ ਹੈ, ਜਿਸ ਨੂੰ ਗਿਆਨ ਗੁਰੂ ਡਾਕਟਰ ਦੀ ਸਹਾਇਤਾ (ਪਰਖ, ਕਸਵੱਟੀ, ਛਾਣਬੀਨ ਤੇ ਚੀਰਫਾੜ ਕਰਨ, operation) ਨਾਲ ਹੀ ਕੱਢਿਆ ਜਾ ਸਕਦਾ ਹੈ। ਇਹ ਹੁਣ ਸਿੱਖ ਕੌਮ ਨੇ ਸੋਚਣਾ ਅਤੇ ਫ਼ੈਸਲਾ ਲੈਣਾ ਹੈ ਕਿ ਅਸੀਂ ਆਪਣੇ ਗਿਆਨ ਗੁਰੂ ਡਾਕਟਰ (ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਅਤੇ ਕਹਿਣੀ ਕਰਣੀ ਵਾਲੇ ਉਪਦੇਸ਼) ਰਾਹੀਂ, ਇਸ ਗਲੇ ਵਿਚ ਫਸੀ ਹੱਡੀ ਦੀ ਮੁਸੀਬਤ ਤੋਂ ਛੁਟਕਾਰਾ ਪਾਉਣਾ ਹੈ ਜਾਂ ਗਲੇ ਵਿਚ ਫਸੀ ਹੱਡੀ ਦੇ ਦਰਦ ਨੂੰ ਝੇਲਦੇ ਹੀ ਰਹਿਣਾ ਹੈ।

—ਕਿਸ਼ਨ ਸਿੰਘ